R.N.I Regd. No. PUNPUN/2023/88634
ਫ਼ੋਨ -01633-358364 (ਮੋ. 62803-56564)
ਮੰਗਲਵਾਰ, 18 ਨਵੰਬਰ - 2024
ਅੰਕ (Volume No.) 10
ਸਾਲ (Year) : 01
ਮੁੱਲ (Rate) : 04 ਰੁ.
ਪੰਨੇ (Pages) : 8

# ਪੰਜਾਬ ਦਾ ਖੁਲਾਸਾ

ਮੁੱਖ ਸੰਪਾਦਕ : ਮਨਪ੍ਰੀਤ ਸਿੰਘ ਸ੍ਰੀ ਮੁਕਤਸਰ ਸਾਹਿਬ
Weekly PUNJAB DA KHULASA
www.punjabdakhulasa.com www.facbook.com/punjabdakhulasa E.mail.punjabdakhulasa1313@gmail.com

**ਪੱਤਰਕਾਰਾਂ ਦੀ ਲੋੜ**

*40 ਮੁਕਤਿਆਂ ਦੀ ਪਵਿੱਤਰ ਧਰਤੀ ਸ੍ਰੀ ਮੁਕਤਸਰ ਸਾਹਿਬ ਤੋਂ ਪ੍ਰਕਾਸ਼ਿਤ ਹੋਏ ਨਵੇਂ ਅਖਬਾਰ*

**ਪੰਜਾਬ ਦਾ ਖੁਲਾਸਾ**

*ਨੂੰ ਵੱਖ-ਵੱਖ ਜਿਲ੍ਹਿਆਂ ਵਿਚੋਂ ਜਿਲ੍ਹਾ ਇੰਚਾਰਜ ਅਤੇ ਪੱਤਰਕਾਰਾਂ ਦੀ ਲੋੜ ਹੈ*

ਸੰਪਰਕ
**62803-56564**

ਸੰਪਾਦਕ : ਅਸ਼ੋਕ ਭਾਰਦਵਾਜ
ਸਹਿ ਸੰਪਾਦਕ ਰਣਜੀਤ ਸਿੰਘ ਚੰਦੀ

## ਪਤੀ ਪਤਨੀ ਨੂੰ ਗੋਲੀ ਮਾਰਨ ਵਾਲੇ ਵਿਅਕਤੀ ਨੂੰ ਰਿਵਾਲਵਰ ਅਤੇ 06 ਜਿੰਦਾ ਕਾਰਤੂਸ ਸਮੇਤ ਕੀਤਾ ਗ੍ਰਿਫਤਾਰ

ਪੰਜਾਬ ਦਾ ਖੁਲਾਸਾ

**ਜਗਰਾਉਂ 17 ਨਵੰਬਰ(ਜਸਵਿੰਦਰ ਸਿੰਘ ਡਾਂਗੀਆ)**ਪਿਛਲੇ ਦਿਨੀ ਮੁੱਲਾਂਪੁਰ ਵਿਖੇ ਪਤੀ ਪਤਨੀ ਨੂੰ ਇੱਕ ਵਿਅਕਤੀ ਵੱਲੋਂ ਗੋਲੀ ਮਾਰ ਕੇ ਫਰਾਰ ਹੋਣ ਦੀ ਘਟਨਾ ਸਾਹਮਣੇ ਆਈ ਸੀ ?ਇਸ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਵਿਅਕਤੀ ਨੂੰ ਪੁਲਿਸ ਨੇ ਕਾਰਵਾਈ ਕਰਦੇ ਹੋਏ 24 ਘੰਟਿਆਂ ਵਿੱਚ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਲੁਧਿਆਣਾ ਦਿਹਾਤੀ ਦੇ ਐਸਐਸਪੀ ਨਵਨੀਤ ਸਿੰਘ ਬੈਂਸ ਵੱਲੋਂ ਪ੍ਰੈਸ ਕਾਨਫਰੰਸ ਦੌਰਾਨ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਰਾਜ ਕੁਮਾਰ ਪੁੱਤਰ ਰਾਮ ਬਹਾਦਰ ਵਾਸੀ ਪ੍ਰੇਮ ਨਗਰ ਦੇ ਬਿਆਨ ਤੇ ਥਾਣਾ ਮੁੱਲਾਂਪੁਰ ਵਿਖੇ ਮੁਕੱਦਮਾਂ ਦਰਜ ਰਜਿਸਟਰ ਕੀਤਾ ਗਿਆ ਸੀ ਕਿ ਰਾਜ ਕੁਮਾਰ ਮਿਤੀ 15.11.2024 ਨੂੰ ਸ਼ਾਮ ਕਰੀਬ 07:00 ਵਜੇ ਉਹ ਅਤੇ ਉਸਦੀ ਪਤਨੀ ਗੁਡੀਆ ਯਾਦਵ ਆਪਣੇ ਘਰ ਵਿੱਚ ਕਰਿਆਨਾ ਸਟੋਰ (ਦੁਕਾਨ) ਵਿੱਚ ਖੜੇ ਸੀ ਤਾਂ ਸੁਰਿੰਦਰ ਸਿੰਘ ਉਰਫ ਛਿੰਦਾ ਪੁੱਤਰ ਮਹਿੰਦਰ ਸਿੰਘ ਵਾਸੀ ਹਿਸੋਵਾਲ ਥਾਣਾ ਸੁਧਾਰ ਉਹਨਾਂ ਦੀ ਦੁਕਾਨ ਦੇ ਬਾਹਰ ਮੋਟਰ ਸਾਈਕਲ ਖੜਾ ਕਰਕੇ ਉਸਦੀ ਪਤਨੀ ਨੂੰ ਉੱਚੀ-ਉੱਚੀ ਮਾੜਾ-ਚੰਗਾ ਬੋਲਣ ਲੱਗ ਪਿਆ ਤਾਂ ਰਾਜ ਕੁਮਾਰ ਨੇ ਸੁਰਿੰਦਰ ਸਿੰਘ ਨੂੰ ਉੱਚੀ ਬੋਲਣ ਬਾਰੇ ਪੁੱਛਿਆ

**ਵਾਰਦਾਤ ਨੂੰ ਅੰਜਾਮ ਦੇਣ ਵਾਲੇ ਨੂੰ ਪੁਲਿਸ ਨੇ 24 ਘੰਟਿਆਂ ਵਿੱਚ ਹੀ ਕੀਤਾ ਕਾਬੂ**

ਕਿ ਕੀ ਗੱਲ ਹੋ ਗਈ ਹੈ। ਰਾਜ ਕੁਮਾਰ ਨੇ ਦੱਸਿਆ ਕਿ ਉਸ ਸਮੇਂ ਸੁਰਿੰਦਰ ਸਿੰਘ ਉਰਫ ਛਿੰਦਾ ਦੀ ਸ਼ਰਾਬ ਪੀਤੀ ਹੋਈ ਸੀ, ਜੋ ਉਸਦੀ ਪਤਨੀ ਨੂੰ ਗਾਲੀ-ਗਲੋਚ ਕਰਦਾ ਹੋਇਆ ਮੋਟਰ ਸਾਈਕਲ ਪਰ ਉਹਨਾਂ ਦੇ ਘਰ ਦੀ ਅਗਲੀ ਗਲੀ, ਜਿਸ ਵਿੱਚ ਉਸਦਾ ਮਕਾਨ ਹੈ, ਉਸ ਵੱਲ ਚਲਾ ਗਿਆ? ਫਿਰ ਵਕਤ ਕਰੀਬ 08:00 ਵਜੇ ਸ਼ਾਮ ਨੂੰ ਦੁਬਾਰਾ ਫਿਰ ਆਪਣੇ



ਮੋਟਰ ਸਾਈਕਲ ਪਰ ਉਹਨਾਂ ਦੀ ਦੁਕਾਨ ਅੱਗੇ ਆ ਕੇ ਮੋਟਰ ਸਾਈਕਲ ਰੋਕ ਕੇ ਰਾਜ ਕੁਮਾਰ ਅਤੇ ਉਸਦੀ ਪਤਨੀ ਨੂੰ ਗਾਲੀ ਗਲੋਚ ਕਰਨ ਲੱਗ ਪਿਆ ਤਾਂ ਉਸਨੇ ਆਪਣੀ ਡੱਬ ਵਿੱਚੋਂ ਰਿਵਾਲਵਰ ਕੱਢਕੇ ਮਾਰ ਦੇਣ ਦੀ ਨੀਯਤ ਨਾਲ ਰਾਜ ਕੁਮਾਰ ਵੱਲ ਫਾਇਰ ਕੀਤਾ, ਜੋ ਉਸਦੇ ਸੱਜੇ ਮੋਢੇ ਪਰ ਲੱਗਾ। ਜਿਸ ਤੇ ਉਹ ਇੱਕਦਮ ਡਿੱਗ ਪਿਆ। ਫਿਰ ਉਸਦੀ ਪਤਨੀ ਗੁਡੀਆ ਯਾਦਵ ਵੱਲ ਮਾਰ ਦੇਣ ਦੀ ਨੀਯਤ ਨਾਲ ਰਿਵਾਲਵਰ ਨਾਲ ਦੂਜਾ ਫਾਇਰ ਕੀਤਾ, ਜੋ ਉਸਦੀ ਛਾਤੀ ਪਰ ਲੱਗਾ। ਉਹ ਇੱਕਦਮ ਆਪਣੇ ਮਕਾਨ ਅੰਦਰ ਚਲੀ ਗਈ। ਉਸਦੇ ਕਾਫੀ ਖ਼ੂਨ ਨਿਕਲਣ ਲੱਗ ਪਿਆ ਤਾਂ ਉਸ ਦੇ ਭਰਾ ਸੁਰਿੰਦਰ ਕੁਮਾਰ ਨੇ ਉੱਚੀ-ਉੱਚੀ ਰੌਲਾ ਪਾਇਆ।

ਜਿਸ ਤੇ ਸੁਰਿੰਦਰ ਸਿੰਘ ਉਰਫ ਛਿੰਦਾ ਆਪਣੇ ਮੋਟਰ ਸਾਈਕਲ ਤੇ ਸਵਾਰ ਹੋ ਕੇ ਸਮੇਤ ਹਥਿਆਰ ਦੇ ਮੌਕਾ ਤੋਂ ਫਰਾਰ ਹੋ ਗਿਆ। ਪੁਲਿਸ ਨੂੰ ਜਾਣਕਾਰੀ ਦਿੱਤੇ ਜਾਣ ਤੇ ਪਰਵਿੰਦਰ ਸਿੰਘ ਪੀਪੀਐਸ ਕਪਤਾਨ ਪੁਲਿਸ (ਡੀ) ਦੇ ਦਿਸ਼ਾ ਨਿਰਦੇਸ਼ਾਂ ਤੇ ਡੀਐਸਪੀ ਵਰਿੰਦਰ ਸਿੰਘ ਖੋਸਾ ਦਾਖਾ ਦੀ ਨਿਗਰਾਨੀ ਅਧੀਨ ਐਸ ਆਈ ਗੁਰਵਿੰਦਰ ਸਿੰਘ ਮੁੱਖ ਅਫਸਰ ਦਾਖਾ ਨੇ ਕਾਰਵਾਈ ਕਰਦੇ ਹੋਏ ਇਸ ਘਟਨਾ ਨੂੰ ਅੰਜਾਮ ਦੇਣ ਵਾਲੇ ਸੁਰਿੰਦਰ ਸਿੰਘ ਉਰਫ ਛਿੰਦਾ ਨੂੰ 24 ਘੰਟੇ ਦੇ ਅੰਦਰ ਅੰਦਰ ਗਿਰਫਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ? ਉਸ ਪਾਸੋਂ ਵਾਰਦਾਤ ਵਿੱਚ ਵਰਤਿਆ ਇੱਕ ਰਿਵਾਲਵਰ ਸਮੇਤ 06 ਜਿੰਦਾ ਕਾਰਤੂਸ ਅਤੇ 02 ਖੋਲ ਬਰਾਮਦ ਕੀਤੇ। ਐਸਐਸਪੀ ਨੇ ਕਿਹਾ ਕਿ ਦੋਸ਼ੀ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਿਲ ਕਰਕੇ ਉਸ ਪਾਸੋਂ ਹੋਰ ਪੁੱਛ ਗਿੱਛ ਕੀਤੀ ਜਾਵੇਗੀ।

## ਸਕੇ ਭਰਾ ਨੇ ਭਰਾ ਦਾ ਤੇਜ਼ਧਾਰ ਹਥਿਆਰਾਂ ਨਾਲ ਕੀਤਾ ਕਤਲ, ਮਾਮਲਾ -ਦਰਜ ਦੋਸ਼ੀ ਫਰਾਰ

ਪੰਜਾਬ ਦਾ ਖੁਲਾਸਾ



**ਜੈਤੋ ,17 ਨਵੰਬਰ (ਮਨਜੀਤ ਸਿੰਘ ਢੱਲਾ)**- ਸਥਾਨਕ ਗੁਰਦੁਆਰਾ ਟਿੱਬੀ ਸਾਹਿਬ ਰੋਡ ਜੈਤੋ ਵਿਖੇ ਬੀਤੀ ਰਾਤ ਨੂੰ ਇਕ ਭਰਾ ਨੇ ਦੂਜੇ ਭਰਾ ਦਾ ਕਤਲ ਤੇਜ਼ਧਾਰ ਹਥਿਆਰ ਨਾਲ ਕਰ ਦਿੱਤਾ। ਜਾਣਕਾਰੀ ਅਨੁਸਾਰ ਬੀਤੀ ਰਾਤ ਨੂੰ ਕੁਲਦੀਪ ਸਿੰਘ ਉਰਫ ਗਗਨ (23) ਪੁੱਤਰ ਜੀਤ ਰਾਮ ਦਾ ਆਪਣੇ ਸਕੇ ਭਰਾ ਗੁਰਮੀਤ ਸਿੰਘ ਜੀਤਾ ਨਾਲ ਘਰ ਵਿਚ ਕਿਸੇ ਗੱਲ ਨੂੰ ਲੈ ਕੇ ਤਕਰਾਰ ਹੋਇਆ ਤੇ ਗੁਰਮੀਤ ਸਿੰਘ ਜੀਤਾ ਨੇ ਤੇਜ਼ਧਾਰ ਹਥਿਆਰ ਨਾਲ ਆਪਣੇ ਭਰਾ ਕੁਲਦੀਪ ਸਿੰਘ ਉਰਫ ਗਗਨ 'ਤੇ ਹਮਲਾ ਕਰ ਦਿੱਤਾ, ਜਿਸ ਨਾਲ ਕੁਲਦੀਪ ਸਿੰਘ ਉਰਫ ਗਗਨ ਗੰਭੀਰ ਜ਼ਖਮੀ ਹੋ ਗਿਆ। ਉਹ ਆਪਣੀ ਜਾਨ ਨੂੰ ਬਚਾਉਣ ਲਈ ਭੱਜ ਕੇ ਦੂਜੀ ਗਲੀ ਵਿਚ ਆ ਕੇ ਡਿੱਗ ਗਿਆ ਤੇ ਕੁਝ ਵਿਅਕਤੀਆਂ ਨੇ ਮੋਟਰਸਾਈਕਲ ਵਾਲੀ ਰੇਹੜੀ 'ਤੇ ਪਾ ਕੇ ਸਿਵਲ ਹਸਪਤਾਲ ਜੈਤੋ ਵਿਖੇ ਲਿਆਂਦਾ, ਜਿਥੇ ਮੌਜੂਦ ਡਾਕਟਰਾਂ ਦੀ ਟੀਮ ਨੇ ਮੁੱਢਲੀ ਸਹਾਇਤਾ ਦੇ ਕੇ ਫ਼ਰੀਦਕੋਟ ਵਿਖੇ ਰੈਫਰ ਕਰ ਦਿੱਤਾ ਜਦਕਿ ਕੁਲਦੀਪ ਸਿੰਘ ਉਰਫ ਗਗਨ ਨੂੰ ਫ਼ਰੀਦਕੋਟ ਵਿਖੇ ਲਿਜਾਇਆ ਗਿਆ ਤੇ ਰਸਤੇ ਵਿਚ ਪਰਿਵਾਰ ਜਦੋਂ ਕੁਲਦੀਪ ਨੂੰ ਕੋਟਕਪੂਰਾ ਦੇ ਹਸਪਤਾਲ ਵਿਚ ਲੈ ਕੇ ਪਹੁੰਚੇ ਤਾਂ ਉਥੋਂ ਦੇ ਡਾਕਟਰਾਂ ਨੇ ਕੁਲਦੀਪ ਸਿੰਘ ਉਰਫ ਗਗਨ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਡੀਐਸਪੀ ਸੁਖਦੀਪ ਸਿੰਘ ਜੈਤੋ ਨੇ ਘਟਨਾ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਤਲ ਕਰਨ ਵਾਲਾ ਦੋਸ਼ੀ ਗੁਰਮੀਤ ਸਿੰਘ ਘਰ ਵਿਚ ਆਪਣੇ ਭਾਈ ਨਾਲ ਅਕਸਰ ਲੜਾਈ ਝਗੜਾ ਕਰਦਾ ਰਹਿੰਦਾ ਸੀ, ਉਨ੍ਹਾਂ ਦੱਸਿਆ ਕਿ ਪਰਿਵਾਰ ਮੈਂਬਰਾਂ ਦੇ ਦੱਸਣ ਮੁਤਾਬਿਕ ਦੋਸ਼ੀ ਗੁਰਮੀਤ ਸਿੰਘ ਨਸ਼ੇ ਕਰਨ ਦਾ ਆਦੀ ਸੀ। ਉਕਤ ਦੋਸ਼ੀ ਪੁਲਿਸ ਦੀ ਗ੍ਰਿਫਤਾਰੀ ਤੋਂ ਫ਼ਰਾਰ ਦੱਸਿਆ ਜਾ ਰਿਹਾ ਹੈ ।ਡੀਐਸਪੀ ਨੇ ਕਿਹਾ ਕਿ ਥਾਣਾ ਜੈਤੋ ਦੀ ਪੁਲਿਸ ਵਲੋਂ ਕੇਸ ਦਰਜ ਕਰਕੇ ਤਫ਼ਤੀਸ਼ ਸ਼ੁਰੂ ਕਰ ਦਿੱਤੀ ਹੈ ਤੇ ਪੁਲਿਸ ਦੋਸ਼ੀ ਦੀ ਭਾਲ ਵਿਚ ਲੱਗ ਗਈ ਹੈ। ਖ਼ਬਰ ਲਿਖੇ ਜਾਣ ਤੱਕ ਉਕਤ ਦੋਸ਼ੀ ਨੌਜਵਾਨ ਪੁਲਿਸ ਦੀ ਪਕੜ ਤੋਂ ਬਾਹਰ ਦੱਸਿਆ ਜਾ ਰਿਹਾ ਸੀ।

## ਜ਼ਹਿਰੀਲੀ ਦਵਾਈ ਨਿਗਲਣ ਕਾਰਨ 24 ਸਾਲਾ ਕੁੜੀ ਦੀ ਮੌਤ

ਪੰਜਾਬ ਦਾ ਖੁਲਾਸਾ

**ਪਾਇਲ** - : ਥਾਣਾ ਪਾਇਲ ਅਧੀਨ ਪੈਂਦੇ ਪਿੰਡ ਅਲੂਣਾ ਮਿਆਨਾ ਦੀ ਇਕ 24 ਸਾਲਾ ਕੁੜੀ ਦੀ ਅਚਾਨਕ ਗਲਤੀ ਨਾਲ ਕੋਈ ਜ਼ਹਿਰੀਲੀ ਦਵਾਈ ਨਿਗਲਣ ਕਾਰਨ ਮੌਤ ਹੋ ਗਈ। ਮ੍ਰਿਤਕਾ ਦੀ ਪਛਾਣ ਪਲਵਿੰਦਰ ਕੌਰ ਪੁੱਤਰੀ ਸੁਖਦੇਵ ਸਿੰਘ ਵਾਸੀ ਪਿੰਡ ਅਲੂਣਾ ਮਿਆਨਾ, ਜ਼ਿਲ੍ਹਾ ਲੁਧਿਆਣਾ ਵਜੋਂ ਹੋਈ ਹੈ। ਪਾਇਲ ਪੁਲਸ ਕੋਲ ਬਿਆਨ ਦਰਜ ਕਰਵਾਉਂਦੇ ਹੋਏ ਮ੍ਰਿਤਕਾ ਦੇ ਪਿਤਾ ਸੁਖਦੇਵ ਸਿੰਘ ਨੇ ਦੱਸਿਆ ਕਿ ਉਹ ਕੰਬਾਇਨ 'ਤੇ ਬਤੌਰ ਹੈਲਪਰ ਕੰਮ ਕਰਕੇ ਆਪਣੇ ਪਰਿਵਾਰ ਦਾ ਪਾਲਣ-ਪੋਸ਼ਣ ਕਰਦਾ ਹੈ। ਉਸਦੇ 2 ਬੱਚੇ ਵੱਡੀ ਧੀ ਅਤੇ ਛੋਟਾ ਪੁੱਤਰ ਹੈ।

ਮ੍ਰਿਤਕਾ ਪਲਵਿੰਦਰ ਕੌਰ ਸਿਲਾਈ-ਕਢਾਈ ਦਾ ਕੰਮ ਘਰ ਵਿਚ ਹੀ ਕਰਦੀ ਸੀ ਅਤੇ ਦਿਮਾਗੀ ਤੌਰ 'ਤੇ ਪਰੇਸ਼ਾਨ ਰਹਿੰਦੀ ਸੀ। ਉਹ ਕੰਬਾਇਨ 'ਤੇ ਕੰਮ ਕਰਨ ਲਈ ਪਿੰਡ ਨਸਰਾਲੀ ਗਿਆ ਹੋਇਆ ਸੀ ਅਤੇ ਉਸ ਦੀ ਪਤਨੀ ਪਰਮਜੀਤ ਕੌਰ ਪਿੰਡ ਦੇ ਗੁਰਦੁਆਰਾ ਸਾਹਿਬ ਵਿਚ ਮੱਥਾ ਟੇਕਣ ਲਈ ਗਈ ਹੋਈ। ਉਸ ਦਾ ਪੁੱਤ ਗੁਰਵਿੰਦਰ ਸਿੰਘ ਕੰਮ 'ਤੇ ਦੋਰਾਹਾ ਗਿਆ ਹੋਇਆ ਸੀ। ਸਵੇਰੇ 10.30 ਵਜੇ ਜਦੋਂ ਉਸਦੀ ਪਤਨੀ ਪਰਮਜੀਤ ਕੌਰ ਘਰ ਪੁੱਜੀ ਤਾਂ ਉਸਦੀ ਧੀ ਉਲਟੀਆਂ ਕਰ ਰਹੀ ਸੀ ਅਤੇ ਉਸਦੇ ਮੂੰਹ ਵਿੱਚੋਂ ਝੱਗ ਨਿਕਲ ਰਹੀ ਸੀ।

ਉਸ ਨੂੰ ਇਲਾਜ ਲਈ ਹਸਪਤਾਲ ਵਿਖੇ ਦਾਖ਼ਲ ਕਰਵਾਇਆ ਗਿਆ, ਜਿੱਥੇ ਉਸ ਦੀ ਮੌਤ ਹੋ ਗਈ। ਇਸ ਘਟਨਾ ਦੇ ਸਬੰਧ ਵਿੱਚ ਥਾਣਾ ਪਾਇਲ ਦੇ ਏ. ਐੱਸ. ਆਈ. ਸੁਰਜੀਤ ਸਿੰਘ ਵੱਲੋਂ ਪੋਸਟਮਾਰਟਮ ਕਰਵਾਉਣ ਉਪਰੰਤ ਲਾਸ਼ ਵਾਰਸਾਂ ਦੇ ਹਵਾਲੇ ਕਰ ਦਿੱਤੀ ਗਈ ਹੈ।

ਕੀ ਕਹਿੰਦੇ ਹਨ ਪੁਲਸ ਜਾਂਚ ਅਧਿਕਾਰੀ

ਇਸ ਘਟਨਾ ਸਬੰਧੀ ਮਾਮਲੇ ਦੀ ਜਾਂਚ ਕਰ ਰਹੇ ਏ. ਐੱਸ. ਆਈ. ਸੁਰਜੀਤ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਇਸ ਮਾਮਲੇ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਮ੍ਰਿਤਕਾ ਦੇ ਪਿਤਾ ਸੁਖਦੇਵ ਸਿੰਘ ਨੇ ਪੁਲਸ ਨੂੰ ਸੂਚਿਤ ਕੀਤਾ ਕਿ ਉਸਦੀ ਧੀ ਨੇ ਅਚਾਨਕ ਗਲਤੀ ਨਾਲ ਕੋਈ ਜ਼ਹਿਰੀਲੀ ਦਵਾਈ ਨਿਗਲ ਲਈ ਗਈ, ਜਦੋਂ ਉਹ ਘਰ ਵਿੱਚ ਇਕੱਲੀ ਸੀ। ਬਾਅਦ ਵਿੱਚ ਜਦੋਂ ਉਸਦੀ ਪਤਨੀ ਉਸ ਨੂੰ ਚੁੱਕ ਕੇ ਹਸਪਤਾਲ ਲੈ ਕੇ ਗਈ ਤਾਂ ਉਸ ਦੀ ਮੌਤ ਹੋ ਗਈ।

## ਫਿਰੋਜ਼ਪੁਰ 'ਚ ਪੁੱਡਾ ਦੀਆਂ ਅਰਬਾਂ ਰੁਪਏ ਦੀਆਂ ਜਾਇਦਾਦਾਂ ਸਾਂਭ ਸੰਭਾਲ ਖੁਣੋ ਸੱਖਣੀਆਂ

### ਇਸ ਦੀ ਸਹੀ ਵਰਤੋ ਨਾ ਕਰਕੇ ਪੰਜਾਬ ਸਰਕਾਰ ਨੂੰ ਲਗਾਇਆ ਜਾ ਰਿਹਾ ਅਰਬਾਂ ਰੁਪਏ ਦਾ ਚੂਨਾ

**ਪੁੱਡਾ ਅਮਲਾ ਬੇਫਿਕਰ ਹੋ ਕੇ ਆਪਣੀ ਮਰਜੀ ਨਾਲ ਹੀ ਆਉਦਾ ਹੈ ਦਫਤਰ ਤੇ ਸਿਰਫ ਦਫਤਰਾਂ ਤੱਕ ਹੀ ਹੈ ਸੀਮਿਤ**







ਪੰਜਾਬ ਦਾ ਖੁਲਾਸਾ

**ਫਿਰੋਜ਼ਪੁਰ 17 ਨਵੰਬਰ (ਅਸ਼ੋਕ ਭਾਰਦਵਾਜ)** ਫਿਰੋਜ਼ਪੁਰ ਚ ਕਰੋੜਾਂ ਅਰਬਾਂ ਰੁਪਏ ਦੀਆਂ ਜਾਇਦਾਦਾਂ ਪੁੱਡਾਂ ਵਲੋ ਹਾਇਰ ਕੀਤੀਆਂ ਗਈਆ ਹਨ ਪਰ ਇਹ ਜਾਇਦਾਦਾਂ ਬਿਨਾਂ ਸਾਂਭ ਸੰਭਾਲ ਤੋ ਲਵਾਰਿਸ ਹਲਾਤਾਂ ਚ ਪਈਆਂ ਹਨ ਜੇਕਰ ਗੱਲ ਕੀਤੀ ਜਾਵੇ ਸੈਂਟਰਲ ਜੇਲ ਦੇ ਬੈਕ ਸਾਇਡ ਦਾ ਏਰੀਆ ਜੋ ਕਿ ਪੁੱਡਾ ਵਲੋ ਹਾਇਰ ਕੀਤਾ ਗਿਆ ਹੈ ਤੇ ਕੁੱਝ ਲੋਕਾਂ ਵਲੋ ਮਹਿੰਗੇ ਮੁੱਲ ਉਥੇ ਰਿਹਾਇਸ਼ੀ ਏਰੀਆ ਵੀ ਬਣਾਇਆ ਗਿਆ ਹੈ ਪਰ ਪੁੱਡਾ ਦੇ ਮਾੜੇ ਪ੍ਰਬੰਧਾਂ ਕਾਰਨ ਉਹ ਲੋਕ ਵੀ ਬੜੇ ਦੁਖੀ ਹੋਏ ਪਏ ਹਨ ਸਭ ਤੋ ਵੱਡੀ ਸਮੱਸਿਆ ਇਹ ਹੈ ਕਿ ਉਹਨਾਂ ਦੀ ਰਿਹਾਇਸ਼ ਦੇ ਆਸ ਪਾਸ ਜਿਆਦਾਤਰ ਕੂੜੇ ਦੇ ਢੇਰ ਲੱਗੇ ਰਹਿੰਦੇ ਹਨ ਤੇ ਨਗਰ ਕੌਂਸਲ ਵਲੋ ਉਥੇ ਕੂੜੇ ਦਾ ਡੰਪ ਵੀ ਬਣਾਇਆ ਗਿਆ ਹੈ।

ਪੁੱਡਾ ਕਾਲੋਨੀ ਦੀਆਂ ਸੜਕਾਂ ਤੇ ਰਿਹਾਈਸ਼ ਵਾਲਿਆ ਦੀਆਂ ਕਾਰਾਂ ਘੱਟ ਤੇ ਬੱਸਾਂ ਦਾ ਆਉਣਾ ਜਾਣਾ ਜਿਆਦਾ ਬਣਿਆ ਹੋਇਆ ਹੈ। ਇਸ ਕਾਲੋਨੀ ਚ ਬਣੀਆਂ ਸੜਕਾਂ ਦੀ ਹਾਲਤ ਵੀ ਬੜੀ ਨਾਜੁਕ ਬਣੀ ਹੋਈ ਹੈ ਲਾਇਟਾਂ ਵੀ ਨਹੀ ਚੱਲਦੀਆਂ ਜਿਸ ਕਾਰਨ ਇਸ ਕਾਲੋਨੀ ਚੋ ਰਾਤ ਦੇ ਸਮੇ ਲੰਘਣਾ ਵੀ ਮੁਸ਼ਕਿਲ ਹੈ। ਜੇਕਰ ਗੱਲ ਕੀਤੀ ਜਾਵੇ ਭਗਤ ਸਿੰਘ ਸਟੇਡੀਅਮ ਦੇ ਸਾਹਮਣੇ ਵਾਲੀ ਜਗਾ ਦੀ ਜੋ ਪੁਰਾਣਾ ਤਹਿਸੀਲ ਕੰਪਲੈਕਸ ਹੁੰਦਾ ਸੀ ਉਹ ਵੀ ਜਗਾ ਹੁਣ ਪੁੱਡਾ ਵਲੋ ਹਾਇਰ ਕੀਤੀ ਗਈ ਹੈ ਜਿਸ ਦੀ ਸਾਂਭ ਸੰਭਾਲ ਵੀ ਰੱਬ ਆਸਰੇ ਹੀ ਹੈ ਤੇ ਨਜਾਇਜ ਕਬਜਿਆ ਦੀ ਭੇਟ ਚੜ ਰਹੀ ਹੈ ਤੇ ਪੁੱਡਾ ਅਮਲਾ ਸੋ ਰਿਹਾ ਹੈ ਕੁੰਭਕਰਨੀ ਨੀਂਦ ਜੇਕਰ ਗੱਲ ਕੀਤੀ ਜਾਵੇ ਹਾਊਸਿੰਗ ਬੋਰਡ ਸਥਿਤ ਪੁੱਡਾ ਜਗਾ ਦੀ ਉਹ ਵੀ ਐਵੇ ਹੀ ਪਈ ਹੈ ਹਾਲਾਂਕਿ ਹਾਊਸਿੰਗ ਬੋਰਡ ਕਾਲੋਨੀ ਚ ਪੁੱਡਾ ਦਾ ਖੁਦ ਦਾ ਦਫਤਰ ਵੀ ਹੈ ਜਿਥੇ ਕਿ ਕਦੇ ਕਦੇ ਆਪਣੀ ਮਰਜੀ ਨਾਲ ਪੁੱਡਾ ਅਮਲੇ ਦੇ ਕਰਮਚਾਰੀ ਤੇ ਅਧਿਕਾਰੀ ਆਉਦੇ ਹਨ। ਥਾਣਾ ਸਿਟੀ ਦੇ ਸਾਹਮਣੇ ਬਣੀ ਪੁੱਡਾ ਪਾਰਕਿੰਗ ਰਾਤ ਵੇਲੇ ਫੂਡ ਹੱਬ ਚ ਬਦਲ ਜਾਂਦੀ ਹੈ ਤੇ ਪਤਾ ਨਹੀ ਕਿਸ ਦੀ ਮਿਲੀਭੁਗਤ ਨਾਲ ਇਹ ਹੱਬ ਹਜੇ ਵੀ ਜਾਰੀ ਹੈ।

ਸੋ ਜੇਕਰ ਪੁੱਡਾ ਵਲੋ ਹਾਇਰ ਕੀਤੀਆਂ ਜਾਇਦਾਦਾ ਦੀ ਸਹੀ ਵੰਡ ਜਾਂ ਵਰਤੋ ਹੋਵੇ ਤਾਂ ਸਰਕਾਰੀ ਖਜਾਨੇ ਚ ਲਗਾਤਾਰ ਵਾਧਾ ਹੀ ਹੋਵੇਗਾ ਸੋ ਪੁੱਡਾ ਅਮਲੇ ਦੇ ਉੱਚ ਅਧਿਕਾਰੀਆਂ ਦੇ ਨਾਲ ਮੋਜੂਦਾ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਪੁੱਡਾ ਵਲੋ ਸਮੇ ਸਮੇ ਤੇ ਹਾਇਰ ਕੀਤੀਆਂ ਜਾਇਦਾਦਾਂ ਬਾਰੇ ਜਾਣਕਾਰੀ ਰੱਖੀ ਜਾਵੇ ਤਾਂ ਕਿ ਦਫਤਰੀ ਅਮਲੇ ਵਲੋ ਲਿਆਂਦੀ ਗਈ ਕੋਤਾਹੀ ਨੂੰ ਵਿਚਾਰਿਆ ਜਾ ਸਕੇ।

## ਅਣਪਛਾਤੇ ਵਿਅਕਤੀਆਂ ਵਲੋਂ ਸਰਪੰਚ ਦਾ ਗੋਲੀਆਂ ਮਾਰ ਕੇ ਕੀਤਾ ਕਤਲ, ਇੱਕ ਜਖਮੀ

ਪੰਜਾਬ ਦਾ ਖੁਲਾਸਾ



**ਸਰਾਏ ਅਮਾਨਤ ਖਾਂ/ਝਬਾਲ, 17 ਨਵੰਬਰ (ਗੁਰਸ਼ਰਨ ਸਿੰਘ ਔਲਖ)**- ਥਾਣਾ ਝਬਾਲ ਅਧੀਨ ਆਉਂਦੇ ਪਿੰਡ ਲਾਲੂ ਘੁੰਮਣ ਵਿੱਚ ਆਮ ਆਦਮੀ ਪਾਰਟੀ ਦੇ ਮੌਜੂਦਾ ਸਰਪੰਚ ਨੂੰ ਕੁਝ ਅਣਪਛਾਤੇ ਵਿਅਕਤੀਆਂ ਨੇ ਗੋਲੀਆਂ ਮਾਰ ਕੇ ਮੌਕੇ 'ਤੇ ਹੀ ਮੌਤ ਦੇ ਘਾਟ ਉਤਾਰ ਦਿੱਤਾ। ਜਦੋਂ ਕਿ ਸਰਪੰਚ ਦੇ ਨਾਲ ਦਾ ਸਾਥੀ ਵੀ ਗੰਭੀਰ ਜ਼ਖ਼ਮੀ ਹੋ ਗਿਆ।

ਪ੍ਰਾਪਤ ਕੀਤੀ ਜਾਣਕਾਰੀ ਅਨੁਸਾਰ ਪਿੰਡ ਲਾਲੂ ਘੁੰਮਣ ਵਿਖੇ ਆਮ ਆਦਮੀ ਪਾਰਟੀ ਦੇ ਮੌਜੂਦਾ ਸਰਪੰਚ ਪ੍ਰਤਾਪ ਸਿੰਘ ਪੁੱਤਰ ਗਿਆਨ ਸਿੰਘ ਅਤੇ ਉਸਦਾ ਸਾਥੀ ਬੁੱਧ ਸਿੰਘ ਪੁੱਤਰ ਕਲਿਆਣ ਸਿੰਘ ਜੋ ਇੱਕ ਘਰ ਵਿੱਚੋਂ ਭੋਗ ਦੇ ਸਮਾਗਮ ਤੋਂ ਹੋ ਕੇ ਵਾਪਸ ਆ ਰਹੇ ਸਨ ਕਿ ਰਸਤੇ ਵਿੱਚ ਮੋਟਰਸਾਈਕਲ 'ਤੇ ਆਏ ਅਣਪਛਾਤੇ ਵਿਅਕਤੀਆਂ ਨੇ ਉਨ੍ਹਾਂ 'ਤੇ ਸਿੱਧੀਆਂ ਗੋਲੀਆਂ ਵਰਾਉਣੀਆਂ ਸ਼ੁਰੂ ਕਰ ਦਿੱਤੀਆਂ। ਜਿਸ ਨਾਲ ਸਰਪੰਚ ਪ੍ਰਤਾਪ ਸਿੰਘ ਪੁੱਤਰ ਗਿਆਨ ਸਿੰਘ ਦੀ ਮੌਕੇ 'ਤੇ ਮੌਤ ਹੋ ਗਈ ਜਦੋਂ ਕਿ ਬੁੱਧ ਸਿੰਘ ਪੁੱਤਰ ਕਲਿਆਣ ਸਿੰਘ ਗੰਭੀਰ ਜ਼ਖ਼ਮੀ ਹੋ ਗਏ। ਜਿਨ੍ਹਾਂ ਨੂੰ ਇਲਾਜ ਲਈ ਹਸਪਤਾਲ ਦਾਖ਼ਲ ਕਰਵਾਇਆ ਗਿਆ। ਘਟਨਾ ਦਾ ਪਤਾ ਚੱਲਦਿਆਂ ਹੀ ਥਾਣਾ ਝਬਾਲ ਤੋਂ ਵੱਡੀ ਗਿਣਤੀ ਵਿੱਚ ਪੁਲਸ ਪਾਰਟੀ ਮੌਕੇ 'ਤੇ ਪਹੁੰਚ ਗਈ ਅਤੇ ਜਾਂਚ ਆਰੰਭ ਦਿੱਤੀ।

## ਕੈਨੇਡਾ ਭੇਜਣ ਲਈ ਕੁੜੀ ਨੂੰ ਇੰਗਲੈਂਡ ਤੋਂ ਬੁਲਾਇਆ ਵਾਪਸ, ਫ਼ਿਰ ਮਾਰ ਲਈ 15 ਲੱਖ ਦੀ ਠੱਗੀ

ਪੰਜਾਬ ਦਾ ਖੁਲਾਸਾ

**ਪਟਿਆਲਾ** - ਪਟਿਆਲਾ ਤੋਂ ਇਕ ਅਨੋਖਾ ਮਾਮਲਾ ਸਾਹਮਣੇ ਆ ਰਿਹਾ ਹੈ, ਜਿੱਥੋਂ ਦੇ ਥਾਣਾ ਅਰਬਨ ਅਸਟੇਟ ਦੀ ਪੁਲਸ ਨੇ ਇੰਗਲੈਂਡ ਤੋਂ ਬੁਲਾ ਕੇ ਕੈਨੇਡਾ ਭੇਜਣ ਦੇ ਨਾਂ 'ਤੇ 15 ਲੱਖ ਰੁਪਏ ਦੀ ਠੱਗੀ ਮਾਰਨ ਦੇ ਦੋਸ਼ 'ਚ ਗੁਰਦੀਪ ਸਿੰਘ ਪੁੱਤਰ ਅਮਰ ਸਿੰਘ ਵਾਸੀ ਪਿੰਡ ਨੰਨਾਨਸੂ ਥਾਣਾ ਸਦਰ ਪਟਿਆਲਾ ਖਿਲਾਫ 406, 420, 506 ਆਈ.ਪੀ.ਸੀ. ਤਹਿਤ ਕੇਸ ਦਰਜ ਕੀਤਾ ਹੈ।

ਇਸ ਮਾਮਲੇ 'ਚ ਸਿਮਰਨ ਸੂਦ ਵਾਸੀ ਪਟਿਆਲਾ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਗੁਰਦੀਪ ਸਿੰਘ ਨੇ ਉਸ ਨੂੰ ਕੈਨੇਡਾ ਭੇਜਣ ਦਾ ਝਾਂਸਾ ਦੇ ਕੇ ਇੰਗਲੈਂਡ ਤੋਂ ਵਾਪਸ ਬੁਲਾ ਲਿਆ। ਹੋਟਲ 'ਚ ਬੁਲਾ ਕੇ ਉਸ ਨੂੰ ਡਰਿੰਕ ਪਿਲਾ ਕੇ ਉਸ ਨਾਲ ਸਰੀਰਕ ਸੋਸ਼ਣ ਕੀਤਾ ਅਤੇ ਬਾਅਦ 'ਚ ਵੀ ਸਰੀਰਕ ਸ਼ੋਸ਼ਣ ਕਰਦਾ ਰਿਹਾ।

ਸ਼ਿਕਾਇਤਕਰਤਾ ਮੁਤਾਬਕ ਉਸ ਤੋਂ 4000 ਪੌਂਡ ਵੀ ਲੈ ਲਏ। ਬਾਅਦ 'ਚ 10,50,000 ਰੁਪਏ ਹੋਰ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਲੈ ਲਏ। ਸ਼ਿਕਾਇਤਕਰਤਾ ਮੁਤਾਬਕ ਉਸ ਦਾ ਨਕਲੀ ਆਧਾਰ ਕਾਰਡ ਬਣਾ ਕੇ ਪਤੀ ਬਣ ਕੇ ਉਸ ਨਾਲ ਰਹਿਣ ਲੱਗ ਪਿਆ। ਇਸ ਤਰ੍ਹਾਂ ਲੜਕੀ ਨੇ ਦੋਸ਼ ਲਾਇਆ ਕਿ ਗੁਰਦੀਪ ਸਿੰਘ ਨੇ ਉਸ ਨਾਲ ਕਰੀਬ 15 ਲੱਖ ਰੁਪਏ ਦੀ ਧੋਖਾਦੇਹੀ ਕੀਤੀ ਹੈ। ਪੁਲਸ ਨੇ ਪੜਤਾਲ ਤੋਂ ਬਾਅਦ ਉਕਤ ਵਿਅਕਤੀ ਖਿਲਾਫ ਕੇਸ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਹਲਕੇ ਕੁੱਤੇ ਦੇ ਕੱਟਣ ਨਾਲ 17 ਸਾਲਾ ਮਾਪਿਆਂ ਦੇ ਇਕਲੌਤੇ ਨੌਜਵਾਨ ਪੁੱਤਰ ਦੀ ਮੌਤ

ਪੰਜਾਬ ਦਾ ਖੁਲਾਸਾ



**ਮਮਦੋਟ 17 ਨਵੰਬਰ (ਸ਼ਰਮਾਂ)** ਮਮਦੋਟ ਅਧੀਨ ਹਿੰਦ-ਪਾਕਿ ਸਰਹੱਦ ਤੇ ਵੱਸੇ ਪਿੰਡ ਦੋਨਾਂ ਰਹਿਮਤ (ਸੇਠਾਂ ਵਾਲਾ) ਵਿਖੇ ਹਲਕੇ ਕੁੱਤੇ ਵੱਲੋ 17 ਸਾਲਾਂ ਨੌਜਵਾਨ ਨੂੰ ਕੱਟੇ ਜਾਣ ਤੋਂ ਬਾਅਦ ਉਸ ਦੀ ਦਰਦਨਾਕ ਮੌਤ ਹੋ ਗਈ। ਮਾਪਿਆਂ ਦੇ ਇਕਲੌਤੇ ਪੁੱਤਰ ਦੀ ਇਸ ਹੋਈ ਦਰਦਨਾਕ ਮੌਤ ਨਾਲ ਇਲਾਕੇ ਦੇ ਵਿੱਚ ਇਕਦਮ ਸੋਗ ਦੀ ਲਹਿਰ ਦੌੜ ਗਈ।

ਜਾਣਕਾਰੀ ਮੁਤਾਬਕ 17 ਸਾਲਾ ਨੌਜਵਾਨ ਦਮਨਪ੍ਰੀਤ ਸਿੰਘ ਕੁਝ ਦਿਨ ਪਹਿਲਾਂ ਸਵੇਰੇ ਕਰੀਬ 6 ਵਜੇ ਸੈਰ ਨੂੰ ਨਿਕਲਿਆ ਸੀ ਕਿ ਥੋੜੀ ਦੂਰੀ ਤੇ ਗਿਆ ਕਿ ਖੇਤਾਂ ਵਿੱਚੋਂ ਆਏ ਹਲਕੇ ਕੁੱਤੇ ਨੇ ਉਸ ਨੂੰ ਮੂੰਹ ਦੇ ਕੋਲੋਂ (ਵਰਾਛ) ਤੇ ਕੱਟ ਲਿਆ, ਜਿਸ ਤੋਂ ਬਾਅਦ ਤੁਰੰਤ ਦਮਨਪ੍ਰੀਤ ਸਿੰਘ ਘਰ ਜਾ ਕੇ ਮਾਪਿਆਂ ਨੂੰ ਸਾਰੀ ਗੱਲ ਦੱਸੀ। ਮਾਪਿਆਂ ਵੱਲੋ ਉਸ ਦਾ ਇਲਾਜ ਵੱਖ-ਵੱਖ ਥਾਵਾਂ ਤੋ ਕਰਵਾਉਣ ਤੋ ਬਾਅਦ ਉਸ ਵਾਸਤੇ ਓਹੜ ਪੋਹੜ ਵੀ ਕੀਤਾ। ਪਰ ਪਿਛਲੇ ਚਾਰ-ਪੰਜ ਦਿਨਾਂ ਤੋਂ ਹਾਲਤ ਹੋਰ ਗੰਭੀਰ ਹੁੰਦੀ ਗਈ ਅਤੇ ਦੇਰ ਰਾਤ ਨੂੰ ਨੌਜਵਾਨ ਨੇ ਪ੍ਰਾਣ ਤਿਆਗ ਦਿੱਤੇ। ਦਮਨਪ੍ਰੀਤ ਸਿੰਘ ਮਾਪਿਆਂ ਦਾ ਇਕਲੌਤਾ ਪੁੱਤਰ ਸੀ ਜਿਨਾਂ ਦਾ ਹੁਣ ਨੌਜਵਾਨ ਪੁੱਤਰ ਦੇ ਸਦਾ ਲਈ ਹੋਏ ਵਿਛੋੜੇ ਨਾਲ ਰੋ ਰੋ ਕੇ ਬੁਰਾ ਹਾਲ ਹੋ ਚੁੱਕਿਆ ਹੈ। ਮਾਂ ਦੇ ਅਤੇ ਦਾਦੀ ਦੇ ਕੀਰਨੇ ਲੋਕਾਂ ਤੋਂ ਝੱਲੇ ਨਹੀਂ ਜਾ ਰਹੇ ਕਿ ਉਹਨਾਂ ਦੇ ਪਰਿਵਾਰ ਦੀ ਜ਼ਿੰਦਗੀ ਚ ਹੁਣ ਸਦਾ ਲਈ ਹਨੇਰਾ ਛਾ ਗਿਆ ਹੈ।

## ਕੇਂਦਰ ਦਾ ਕਬਜ਼ਾ : ਮੁਹੱਲਾ ਕਲੀਨਿਕਾਂ, ਸਰਕਾਰੀ ਸਕੂਲਾਂ ਅਤੇ ਐਫ.ਸੀ.ਆਈ. 'ਤੇ ਕੂਚੀ ਫ਼ਿਰਨ ਦੀ ਤਿਆਰੀ

### ਨੀਲੇ ਕਾਰਡਾਂ 'ਤੇ ਕੇਂਦਰ ਸਰਕਾਰ ਵੱਲੋਂ ਦਿੱਤੀ ਜਾਂਦੀ ਕਣਕ ਦਾ ਅਹਿਸਾਸ ਕਰਾਉਣ ਲਈ ਐਫ.ਸੀ.ਆਈ ਅਤੇ ਕੇਂਦਰੀ ਫ਼ੰਡ ਨਾਲ ਬਣੇਂ ਮੁਹੱਲਾ ਕਲੀਨਿਕਾਂ 'ਤੇ ਕੇਂਦਰ ਸਰਕਾਰ ਦੇ ਬੋਰਡ ਲਗਾਉਣ ਦੀ ਯੋਜਨਾਂ ਦਾ ਆਖ਼ਰੀ ਪੜਾਅ ਛੇਤੀ ਹੋਵੇਗਾ ਮੁਕੰਮਲ

ਪੰਜਾਬ ਦਾ ਖੁਲਾਸਾ

**ਸ਼੍ਰੀ ਮੁਕਤਸਰ ਸਾਹਿਬ, 17 ਨਵੰਬਰ (ਏ.ਐਸ ਸ਼ਾਂਤ)** -ਸਟੇਜ ਅਤੇ ਸਟੇਟ ਚਲਾਉਣ ਦਾ ਫ਼ਰਕ ਹੁਣ ਤੱਕ ਲੱਗਭਗ ਪੰਜਾਬੀਆਂ ਨੇਂ ਬਾ-ਖੂਬੀ ਸਮਝ ਲਿਆ ਹੈ। ਇੱਕ ਫ਼ਿਲਮੀਂ ਸੀਨ ਵਾਂਗੂੰ ਚੱਲ ਰਹੇ ਸਮੁੱਚੇ ਸਿਸਟਮ ਨੇਂ ਡਾਕਟਰ ਭਰਤੀ ਕਰਨ ਅਤੇ ਦਵਾਈਆਂ ਮੁਹੱਈਆ ਕਰਵਾਉਣ ਦੀ ਥਾਂ ਕੂਚੀ ਕਾਂਡ ਕਰਦਿਆਂ ਸੂਬੇ ਭਰ 'ਚ "ਆਮ ਆਦਮੀਂ ਮੁਹੱਲਾ ਕਲੀਨਿਕ" ਖੋਲ੍ਹ ਦਿੱਤੇ। ਟੀਵੀ ਸਕਰੀਨਾਂ ਅਤੇ ਸੋਸ਼ਲ ਮੀਡੀਆ ਤੇ ਰੀਲਾਂ ਚਲਾਉਣ ਵਾਸਤੇ ਤਾਂ ਇਹ ਮਹੱਲਾ ਕਲੀਨਿਕ ਪੂਰੇ ਜੱਚ ਗਏ ਪਰ ਇਨਾ ਮਹੱਲਾ ਕਲੀਨਿਕਾਂ ਦੇ ਵਿੱਚ ਪੈਰਾਸਿਟਾਮੋਲ, ਡਿਕਲੋਵਿਨ ਅਤੇ ਸਿਟਰਾਜਿਨ ਵਰਗੀਆਂ ਦਵਾਈਆਂ ਦੀ ਹੀ ਮੌਜੂਦਗੀ ਨੇ ਸਮੁੱਚੇ ਸਿਸਟਮ ਦੀ ਪੋਲ ਦਾ ਭੜਾਕਾ ਪਵਾ ਦਿੱਤਾ। ਅਸਲ ਵਿੱਚ ਇਨਾ ਮੁਹੱਲਾ ਕਲੀਨਿਕਾਂ ਵਾਸਤੇ ਵਧੇਰੇ ਫ਼ੰਡ ਕੇਂਦਰ ਸਰਕਾਰ ਨੇ ਦਿੱਤਾ ਸੀ। ਪੰਜਾਬ ਦੇ ਸਿਰ ਧੜਾ-ਧੜ੍ਹ ਵੱਧ ਰਹੇ ਕਰਜੇ ਕਾਰਨ ਕੇਂਦਰ ਸਰਕਾਰ ਨੇ ਘੁਰਕੀ ਮਾਰਦਿਆਂ, ਤੁਰੰਤ ਆਮ ਆਦਮੀ ਮੁਹੱਲਾ ਕਲੀਨਕਾਂ 'ਤੇ ਕੂਚੀ ਫੇਰਨ ਦੇ ਪ੍ਰੋਗਰਾਮ ਨੂੰ ਅੰਤਿਮ ਚਰਨ ਵਿੱਚ ਪਹੁੰਚਾ ਦਿੱਤਾ ਹੈ। ਗੈਰ-ਪ੍ਰਮਾਣਿਕ ਸੂਤਰਾਂ ਮੁਤਾਬਿਕ ਇੱਕ ਮਹੀਨੇ ਦੇ ਅੰਦਰ-ਅੰਦਰ ਆਮ ਆਦਮੀ ਮੁਹੱਲਾ ਕਲੀਨਕਾਂ ਦੇ ਨਾਮ ਨਾਲ ਕੇਂਦਰ ਸਰਕਾਰ ਦਾ "ਸਵੱਛ ਭਾਰਤ ਮਿਸ਼ਨ" ਜੁੜ ਜਾਵੇਗਾ। ਜਿਸ ਨਾਲ ਇਹਨਾਂ ਮੁਹੱਲਾ ਕਲੀਨਕਾਂ 'ਤੇ ਨਵੇਂ ਬੋਰਡ ਲੱਗੇ ਦੇਖਣ ਨੂੰ ਮਿਲ ਸਕਦੇ ਹਨ।

ਕੇਂਦਰੀ ਘੁਰਕੀ ਦੇ ਚੱਲਦਿਆਂ ਪੰਜਾਬ ਦੇ 233 ਸਰਕਾਰੀ ਸਕੂਲਾਂ ਦੇ ਨਾਮ ਬਦਲ ਦਿੱਤੇ ਜਾਣ ਦਾ ਹੁਕਮ ਜਾਰੀ ਹੋ ਚੁੱਕਿਆ ਹੈ। ਹੁਣ ਇਹਨਾਂ ਸਕੂਲਾਂ ਦੇ ਨਾਵਾਂ ਵਿੱਚ "ਪੀ. ਐੱਮ. ਸ਼੍ਰੀ" ਲਿਖਿਆ ਜਾਵੇਗਾ। ਇਸ ਵਾਸਤੇ 11 ਨਵੰਬਰ 2024 ਨੂੰ ਸਕੱਤਰ, ਸਕੂਲ ਸਿੱਖਿਆ ਵਿਭਾਗ, ਕਮਲ ਕਿਸ਼ੋਰ ਯਾਦਵ (ਆਈ.ਏ.ਐਸ) ਵੱਲੋਂ ਸਬੰਧਿਤ ਹੇਠਲੀਆਂ ਅਥਾਰਟੀ ਨੂੰ ਲਿਖਤੀ ਹੁਕਮ ਜਾਰੀ ਹੋ ਚੁੱਕੇ ਹਨ। ਅਸਿੱਧੇ ਤੌਰ ਤੇ ਹੁਣ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਕੇਂਦਰੀ ਦਖਲ ਪੱਕੇ ਤੌਰ ਤੇ ਹੋ ਚੁੱਕਿਆ ਹੈ। ਹੁਣ, ਇਸ ਨੂੰ ਇੱਕ ਮਹਾਨ ਪ੍ਰਾਪਤੀ ਦਿਖਾਉਣ ਵਿੱਚ ਕੋਈ ਕਸਰ ਬਾਕੀ ਨਾ ਰੱਖਦਿਆਂ ਸਿਸਟਮ ਨੇ ਇਸ ਵਾਸਤੇ ਵੀ ਪੂਰਾ ਜੋੜ-ਤੋੜ ਫ਼ਿੱਟ ਕਰ ਲਿਆ ਹੈ। ਕੇਂਦਰ ਦੀ ਇਸ ਕੁਰਕੀ ਨੂੰ ਆਉਂਦੇ ਦਿਨਾਂ ਵਿੱਚ ਇੱਕ ਵੱਡੀ ਪ੍ਰਾਪਤੀ ਬਣਾ ਕੇ ਦਿਖਾਇਆ ਜਾਵੇਗਾ। ਬੀਤੇ ਦੋ ਸਾਲ ਤੋਂ ਮੱਧ ਵਰਗੀ ਅਤੇ ਗਰੀਬ ਪਰਿਵਾਰਾਂ ਨੂੰ ਦੋ ਡੰਗ ਦੀ



ਰੋਟੀ ਦੇਣ ਦੇ ਇਰਾਦੇ ਨਾਲ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਪੰਜਾਬ ਦੇ ਨੀਲੇ ਕਾਰਡ ਧਾਰਕਾਂ ਨੂੰ ਮੁਫਤ ਵਿੱਚ ਦਿੱਤੀ ਜਾ ਰਹੀ ਕਣਕ ਦਾ ਪੰਜਾਬੀਆਂ ਨੂੰ ਮੁਕੰਮਲ ਅਹਿਸਾਸ ਕਰਵਾਉਣ ਵਾਸਤੇ ਹੁਣ ਐਫ.ਸੀ.ਆਈ. ਦੇ ਬਾਹਰ ਵੀ ਕੂਚੀ ਫੇਰ ਕੇ ਪ੍ਰਧਾਨ ਮੰਤਰੀ ਮੋਦੀ ਦਾ ਚਿਹਰਾ ਛਾਪੇ ਜਾਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਸਮੁੱਚੇ ਪੰਜਾਬ ਦੇ ਨੀਲੇ ਕਾਰਡ ਧਾਰਕ ਬੀਤੇ ਦੋ ਸਾਲ ਤੋਂ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਦਿੱਤੀ ਜਾਂਦੀ ਕਣਕ ਨੂੰ ਖਾ ਕੇ ਆਪਣਾ ਢਿੱਡ ਭਰਦੇ ਰਹੇ ਹਨ। ਜਦੋਂ ਕਿ ਪੰਜਾਬ ਸਰਕਾਰ ਨੇ ਬੀਤੇ ਦੋ ਸਾਲ ਤੋਂ ਪੰਜਾਬੀਆਂ ਨੂੰ ਖਾਣ ਵਾਸਤੇ ਮੁਫ਼ਤ ਵਿੱਚ ਕਣਕ ਦਾ ਇੱਕ ਦਾਣਾ ਤੱਕ ਵੀ ਨਹੀਂ ਦਿੱਤਾ।

ਉਪਰੋਕਤ ਖੇਤਰ ਜਿਸ ਵਿੱਚ ਸਾਡੀ ਸਿਹਤ, ਸਿੱਖਿਆ ਅਤੇ ਖੁਰਾਕ ਸ਼ਾਮਿਲ ਹਨ, ਵਿੱਚ ਕੇਂਦਰ ਸਰਕਾਰ ਦਾ ਮੁੱਖ ਰੋਲ ਅਤੇ ਯੋਗਦਾਨ ਆਉਂਦੇ ਕੁਝ ਦਿਨਾਂ ਵਿੱਚ ਸਪੱਸ਼ਟ ਤੌਰ 'ਤੇ ਹਰੇਕ ਪੰਜਾਬੀ ਨੂੰ ਮਹਿਸੂਸ ਹੋਣ ਲੱਗ ਜਾਵੇਗਾ। ਗੈਰ-ਪ੍ਰਮਾਣਿਕ ਸੂਤਰ ਦੱਸਦੇ ਹਨ ਕਿ ਕੇਂਦਰ ਦੀ ਭਾਜਪਾ ਸਰਕਾਰ 2027 ਦੀ ਤਿਆਰੀ ਦੇ ਅੰਤਰਗਤ ਅਜਿਹੇ ਕਦਮ ਉਠਾ ਰਹੀ ਹੈ। ਕੇਂਦਰ ਸਰਕਾਰ ਦੀ ਇੱਛਾ ਹੈ ਕਿ ਪੰਜਾਬ ਦਾ ਹਰ ਇੱਕ ਵੋਟਰ ਇਸ ਗੱਲ ਨੂੰ ਸਹਿਜ ਮਤੇ ਨਾਲ ਹੀ ਸਮਝ ਸਕੇ ਕਿ ਸਮੁੱਚਾ ਪੰਜਾਬ ਹੁਣ ਤੱਕ ਕੇਂਦਰ ਸਰਕਾਰ ਦੀ ਬਦੌਲਤ ਹੀ ਚੱਲ ਰਿਹਾ ਹੈ ਜਿਸ ਵਿੱਚ ਪੰਜਾਬ ਸਰਕਾਰ ਦਾ ਰੱਤੀ ਭਰ ਵੀ ਯੋਗਦਾਨ ਨਹੀਂ ਹੈ ਕਿਉਂਕਿ ਪੰਜਾਬ ਸਰਕਾਰ ਨੂੰ ਆਪਣਾ ਸਿਸਟਮ ਚਲਾਉਣ ਵਾਸਤੇ ਦਿਨ ਰਾਤ ਕਰਜੇ ਚੱਕਣ ਦੀ ਜਰੂਰਤ ਪੈ ਰਹੀ ਹੈ ਅਤੇ ਪੰਜਾਬ ਸਰਕਾਰ ਦਾ ਸਿਸਟਮ ਵੀ ਕੇਂਦਰ ਸਰਕਾਰ ਇਸ ਕਰਕੇ ਚਲਾ ਰਹੀ ਹੈ ਕਿਉਂਕਿ ਕੇਂਦਰ ਦੀ ਭਾਜਪਾ ਸਰਕਾਰ ਪੰਜਾਬੀਆਂ ਦੇ ਦਿਲਾਂ ਵਿੱਚ ਠਹਿਰ ਬਣਾਉਣਾ ਚਾਹੁੰਦੀ ਹੈ।

## ਸੂਬੇ ਦੀ ਨੀਤੀ 'ਚ ਪ੍ਰਵਾਸੀ ਮਜ਼ਦੂਰਾਂ ਨੂੰ ਲੈਕੇ ਕੀਤੀ ਜਾਣ ਵਾਲੀ ਸੋਧ ਦਾ ਘੱਟ ਗਿਣਤੀ ਲੋਕ ਭਲਾਈ ਸੰਸਥਾ ਨੇ ਕੀਤਾ ਸਮਰਥਨ

ਪੰਜਾਬ ਦਾ ਖੁਲਾਸਾ

**ਅੰਮ੍ਰਿਤਸਰ,17,ਨਵੰਬਰ (ਦਿਨੇਸ਼ ਸੋਨੀ)** – ਘੱਟ ਗਿਣਤੀ ਲੋਕ ਭਲਾਈ ਸੰਸਥਾ (ਰਜਿ) ਦੇ ਫਾਊਂਡਰ ਸ੍ਰ ਸਤਨਾਮ ਸਿੰਘ ਗਿੱਲ ਨੇ ਮੁੱਖ ਮੰਤਰੀ ਪੰਜਾਬ ਨੂੰ ਲਿਖੇ ਪੱਤਰ ਚ ਮੰਗ ਕੀਤੀ ਹੈ ਕਿ ਪ੍ਰਵਾਸੀ ਮਜ਼ਦੂਰਾਂ ਦੇ ਸਿਆਸੀ ਹਿੱਤਾਂ ਦੀ ਪੂਰਤੀ ਖਾਤਰ ਬਣਾਏ ਗਏ ਆਧਾਰ ਕਾਰਡ ਅਤੇ ਵੋਟਰ ਸ਼ਨਾਖਤੀ ਕਾਰਡ ਰੱਦ ਕੀਤੇ ਜਾਣ ਸਾਡੇ ਅਦਾਰੇ ਵਿਖੇ ਰੱਖੀ ਨਿੱਜੀ ਫੇਰੀ ਦੌਰਾਨ ਪ੍ਰਧਾਨ ਸ੍ਰ ਸਤਨਾਮ ਸਿੰਘ ਗਿੱਲ ਨੇ ਪੰਜਾਬ ਸਰਕਾਰ ਨੂੰ ਲਿਖੇ ਪੱਤਰ ਦੇ ਹਵਾਲੇ ਨਾਲ ਦੱਸਿਆ ਕਿ ਪੰਜਾਬ ਚ



**ਪ੍ਰਵਾਸੀਆਂ ਦੇ ਸਿਆਸੀ ਲਾਭ ਖਾਤਰ ਬਣਾਏ ਗਏ ਆਧਾਰ ਕਾਰਡ ਤੇ ਵੋਟਰ ਕਾਰਡ ਕੀਤੇ ਜਾਣ ਰੱਦ :ਗਿੱਲ**

ਜਿਸ ਤਰ੍ਹਾਂ ਪ੍ਰਵਾਸੀ ਮਜ਼ਦੂਰਾਂ ਦੀਆਂ ਅਪਰਾਧਕ ਗਤੀਵਿਧੀਆਂ ਚ ਹੋ ਰਿਹਾ ਹੈ।ਇਹ ਜਾਣ ਬੁੱਝ ਕੇ ਨਸਲੀ ਹਿੰਸਾਂ ਨੂੰ ਬੜਾਵਾ ਦੇ ਰਹੇ ਹਨ ਇਹ ਪੰਜਾਬ ਚ ਰਹਿ ਰਹੇ ਲੋਕਾਂ ਲਈ ਖਤਰੇ ਦੀ ਘੰਟੀ ਹੈ।ਉਨ੍ਹਾ ਨੇ ਕਿਹਾ ਕਿ ਜਦੋਂ ਅਸੀ ਗੁਆਂਢੀ ਸੂਬੇ ਚ ਜਾ ਕੇ ਜ਼ਮੀਨ ਜਾਇਦਾਦ ਖ੍ਰੀਦ ਨਹੀ ਸਕਦੇ ਹਾਂ,ਫਿਰ ਪੰਜਾਬ ਸਰਕਾਰ ਅਜਿਹਾ ਕਨੂੰਨ ਕਿਉਂ ਨਹੀਂ ਬਣਾਉਂਦੀ ਹੈ।ਜਿਸ ਦੇ ਨਾਲ ਪ੍ਰਵਾਸੀ ਲੋਕ ਜੋ ਕਿ ਬਾਹਰਲੇ ਸੂਬਿਆਂ ਚੋਂ ਇਥੇ ਕੰਮ ਕਰਨ ਲਈ ਆਉਂਦੇ ਹਨ,ਪਰ ਇਥੇਂ ਜ਼ਮੀਨਾਂ ਖਰੀਦ ਕੇ ਅਧਾਰ ਕਾਰਡ ਅਤੇ ਵੋਟਰ ਸ਼ਨਾਖਤੀ ਕਾਰਡ ਦੇ ਆਧਾਰ ਤੇ ਪੱਕੇ ਵਸਨੀਕ ਬਣਕੇ ਰਹਿ ਰਹੇ ਹਨ।ਉਨ੍ਹਾ ਨੇ ਕਿਹਾ ਕਿ ਅਸੀਂ ਪੰਜਾਬ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਪੰਜਾਬ ਦੇ ਬਸ਼ਿੰਦਿਆਂ ਦੇ ਹਿੱਤਾਂ ਨੂੰ ਧਿਆਨ ਚ ਰੱਖਦਿਆਂ ਹੋਇਆਂ ਸੇਲ ਐਂਡ ਪਰਚੇਜ਼ ਐਕਟ ਚ ਲੋੜੀਂਦੀ ਸੋਧ ਕਰਕੇ ਪ੍ਰਵਾਸੀ ਭਾਈਚਾਰੇ ਦੇ ਪੰਜਾਬ ਚ ਜ਼ਮੀਨਾਂ ਖਰੀਦਣ ਤੇ ਪੱਕੇ ਤੌਰ ਤੇ ਪਾਬੰਦੀ ਲੱਗੇ।ਉਨ੍ਹਾ ਨੇ ਕਿਹਾ ਕਿ ਸਿਆਸੀ ਲਾਣੇ ਨੇ ਸੌੜੇ ਸਿਆਸੀ ਹਿੱਤਾਂ ਦੀ ਪੂਰਤੀ ਖਾਤਰ ਪ੍ਰਵਾਸੀ ਮਜਦੂਰਾਂ ਦੀਆਂ ਵੋਟਾਂ ਅਤੇ ਸ਼ਨਾਖਤੀ ਕਾਰਡ ਆਪਣੇ ਪਤਿਆਂ ਤੇ ਬਣਾ ਕਿ ਦਿੱਤੇ ਹਨ ਉਨ੍ਹਾ ਨੇ ਆਪਣੇ ਪੱਤਰ ਚ ਸਰਕਾਰ ਤੋਂ ਮੰਗ ਕੀਤੀ ਹੈ ਕਿ ਪ੍ਰਵਾਸੀ ਲੇਬਰ ਨੂੰ 3 ਮਹੀਨੇ ਦਾ ਵਰਕ ਪਰਮਿਟ ਦਿੱਤੇ ਜਾਣ ਦੀ ਵਿਵਸਥਾ ਕੀਤੀ ਜਾਵੇ ਅਤੇ ਉਨ੍ਹਾ ਦੂ ਕਮਾਈ ਚੋਂ ਸੂਬੇ ਦੇ ਵਿਕਾਸ ਲਈ ਟੈਕਸ ਦੀ ਵਸੂਲੀ ਕੀਤੀ ਜਾਵੇ।ਜੋ ਵੀ ਪ੍ਰਵਾਸੀ ਇਥੇਂ ਕੰਮ ਦੇ ਉਦੇਸ਼ ਲਈ ਆਉਂਦੇ ਹਨ ਉਨ੍ਹਾ ਦਾ ਵੇਰਵਾ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰਾਂ ਦੇ ਦਫਤਰਾਂ ਚ ਦਰਜ ਹੋਵੇ। ਉਨ੍ਹਾ ਦੀ ਸ਼ਨਾਖਤ ਉਨ੍ਹਾ ਦੇ ਸਟੇਟ ਦੇ ਰਿਹਾਈਸ਼ੀ ਪਤਿਆਂ ਤੇ ਹੀ ਦਰਜ ਹੋਵੇ।ਪੰਜਾਬ ਚ ਪ੍ਰਵਾਸੀ ਵਿੰਗ ਦੀਆਂ ਸੇਵਾਂਵਾਂ ਪ੍ਰਾਪਤ ਕੀਤੀਆਂ ਜਾਣ।ਸਤਨਾਮ ਸਿੰਘ ਗਿੱਲ ਨੇ ਕਿਹਾ ਕਿ ਪੰਜਾਬ ਚ ਪ੍ਰਵਾਸੀਆਂ ਦੀ ਆਮਦ ਮੌਕੇ ਪੁਲ਼ੀਸ ਵਿਭਾਗ ਉਨ੍ਹਾ ਦਾ ਅਪਰਾਧਿਕ ਰਿਕਾਰਡ ਚੈੱਕ ਕਰਨ ਤਾਂ ਕਿ ਉਹ ਇਥੇਂ ਆ ਕੇ ਪੰਜਾਬ ਦੀ ਅਮਨ ਅਤੇ ਸ਼ਾਂਤੀ ਲਈ ਖਤਰਾ ਨਾ ਬਣ ਸਕੇ।

ਪੰਜਾਬ ਦਾ ਖੁਲਾਸਾ



# ਪਹਿਲੀ ਪਾਤਸ਼ਾਹੀ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਧਾਰਮਿਕ ਸਮਾਗਮ ਆਯੋਜਿਤ

ਪੰਜਾਬ ਦਾ ਖੁਲਾਸਾ

**ਕਪੂਰਥਲਾ,17 ਨਵੰਬਰ ( ਕੌੜਾ)**- ਗੁਰਦੁਆਰਾ ਦਰਬਾਰ ਸਾਹਿਬ ਗਰੋਵਰ ਇਨਕਲੇਵ ਕਰਤਾਰਪੁਰ ਰੋਡ ਕਪੂਰਥਲਾ ਵਿਖੇ ਪਹਿਲੀ ਪਾਤਸ਼ਾਹੀ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਪ੍ਰਭਾਵਸ਼ਾਲੀ ਧਾਰਮਿਕ ਸਮਾਗਮ ਆਯੋਜਿਤ ਕੀਤਾ ਗਿਆ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣ ਉਪਰੰਤ ਪ੍ਰਸਿੱਧ ਰਾਗੀ ਸੁਰਿੰਦਰ ਸਿੰਘ ਆਰ ਸੀ ਐਫ ਦੇ ਜਥੇ ਵੱਲੋਂ ਰਸ ਭਿੰਨਾ ਕੀਰਤਨ ਕੀਤਾ ਗਿਆ । ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਭਾਈ ਗੁਰਮੀਤ ਸਿੰਘ ਜੀ ਨੇ ਦੱਸਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਦੇ ਸਬੰਧ ਵਿੱਚ ਗੁਰੂ ਦੀ ਸੰਗਤ ਕਲੋਨੀ ਨਿਵਾਸੀਆਂ ਵੱਲੋਂ ਅੱਠ ਦਿਨ ਪ੍ਰਭਾਤ ਫੇਰੀਆਂ ਦਾ ਲਗਾਤਾਰ ਆਯੋਜਨ ਕੀਤਾ ਗਿਆ।

ਕਮੇਟੀ ਪ੍ਰਧਾਨ ਸੁਖਬੀਰ ਸਿੰਘ ਮੁਲਤਾਨੀ, ਸਰਪ੍ਰਸਤ ਜਗਜੀਤ ਸਿੰਘ ਮੱਟੂ, ਕਮੇਟੀ ਮੈਂਬਰ ਸੁਰਜੀਤ ਸਿੰਘ, ਦੇਸ ਰਾਜ ਚੀਦਾ ਅਤੇ ਇੰਜੀ: ਗੁਰਨਾਮ ਸਿੰਘ ਬਾਜਵਾ ਆਦਿ ਨੇ ਧਾਰਮਿਕ ਸਮਾਗਮ ਵਿੱਚ ਪਹੁੰਚੀਆਂ ਸੰਗਤਾਂ ਨੂੰ ਸਾਂਝੇ ਤੌਰ ਉੱਤੇ ਗੁਰੂ ਜੀ ਦੀਆਂ ਸਿੱਖਿਆਵਾਂ ਉੱਤੇ ਚੱਲ ਕੇ ਆਪਣਾ ਜੀਵਨ ਸਫਲ ਕਰਨ ਲਈ ਪ੍ਰੇਰਿਆ। ਕਮੇਟੀ ਵੱਲੋਂ ਸੰਗਤਾਂ ਦੇ ਛਕਣ ਲਈ ਗੁਰੂ ਕੇ ਲੰਗਰ ਤੁੱਟ ਵਰਤਾਏ ਗਏ ਅਤੇ ਧਾਰਮਿਕ ਸਮਾਗਮ ਅਯੋਜਿਤ ਕਰਨ ਲਈ ਆਰਥਿਕ ਸਹਿਯੋਗ ਦੇਣ ਵਾਲੀਆਂ ਵੱਖ-ਵੱਖ ਸ਼ਖਸ਼ੀਅਤਾਂ ਦਾ ਸਿਰੋਪੇ ਦੇ ਕੇ ਸਨਮਾਨ ਕੀਤਾ ਗਿਆ।

ਇਸ ਮੌਕੇ ਐਡਵੋਕੇਟ ਪਰਮਜੀਤ ਸਿੰਘ ਲਿੱਦੜ, ਕੁਲਵੰਤ ਸਿੰਘ ਘੁੰਮਣ, ਮਨਜਿੰਦਰ ਪਾਲ ਸਿੰਘ ਰਾਣਾ, ਲੈਕਚਰਾਰ ਬਲਦੇਵ ਸਿੰਘ ਸਿੱਧੂ, ਜਥੇਦਾਰ ਮੱਖਣ ਸਿੰਘ, ਬਾਪੂ ਕੇਵਲ ਸਿੰਘ, ਦਲਬੀਰ ਸਿੰਘ ਵਾਲੀਆ, ਰਜਿੰਦਰ ਸਿੰਘ ਵਾਲੀਆ, ਡਾਕਟਰ ਸੁਖਵਿੰਦਰ ਸਿੰਘ ਪੱਤੜ, ਸੇਵਾ ਮੁਕਤ ਇੰਸਪੈਕਟਰ ਲਾਲ ਚੰਦ ਚੀਦਾ, ਦਵਿੰਦਰ ਸਿੰਘ ਮੁਲਤਾਨੀ, ਦਰਸ਼ਨ ਲਾਲ , ਚਰਨ ਦਾਸ, ਮਾਸਟਰ ਜੀਵਨ ਪ੍ਰਕਾਸ਼, ਜਤਿੰਦਰ ਸਿੰਘ ਕਾਹਲੋ ਤੋਂ ਇਲਾਵਾ ਬੀਬੀ ਬਲਵਿੰਦਰ ਕੌਰ ਬਾਜਵਾ, ਬੀਬੀ ਬਲਜੀਤ ਕੌਰ ਲਿੱਦੜ, ਬੀਬੀ ਬਲਵੀਰ ਕੌਰ, ਬੀਬੀ ਉਸ਼ਾ ਰਾਣੀ, ਬੀਬੀ ਕੁਲਜੀਤ ਕੌਰ, ਬੀਬੀ ਸੋਨੀਆ, ਬੀਬੀ ਸ਼ੈਲੀ ਸੋਢੀ, ਬੀਬੀ ਦਲਜੀਤ ਕੌਰ, ਬੀਬੀ ਰੇਖਾ ਰਾਣੀ, ਬੀਬੀ ਬਲਜੀਤ ਕੌਰ, ਬੀਬੀ ਗੁਰਮੀਤ ਕੌਰ, ਬੀਬੀ ਜਸਵਿੰਦਰ ਕੌਰ, ਬੀਬੀ ਮਨਜੀਤ ਕੌਰ ਮਲਤਾਨੀ ਆਦਿ ਹਾਜ਼ਰ ਸਨ।




# ਜ਼ਿਮਨੀ ਚੋਣ ਗਿੱਦੜਬਾਹਾ ਤੋਂ ਉਮੀਦਵਾਰ ਡਿੰਪੀ ਢਿੱਲੋਂ ਦੇ ਹੱਕ ਵਿੱਚ ਭਗਵੰਤ ਸਿੰਘ ਮਾਨ ਅਤੇ ਅਰਵਿੰਦ ਕੇਜਰੀਵਾਲ ਨੇ ਕੀਤੀ ਚੋਣ ਰੈਲੀ

ਪੰਜਾਬ ਦਾ ਖੁਲਾਸਾ




**ਗਿੱਦੜਬਾਹਾ,17 ਨਵੰਬਰ (ਲਖਵੀਰ ਸਿੰਘ ਧੂਲਕੋਟੀਆ)**-ਗਿੱਦੜਬਾਹਾ ਜਿਮਨੀ ਚੋਣ ਲਈ ਮੈਦਾਨ ਪੂਰੀ ਤਰ੍ਹਾਂ ਭੱਖ ਚੁਕਿਆ ਹੈ, 20 ਨਵੰਬਰ ਨੂੰ ਹੋਣ ਵਾਲੀ ਵੋਟਿੰਗ ਤੋਂ ਪਹਿਲਾਂ ਅੱਜ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਗਿੱਦੜਬਾਹਾ ਦੇ ਆੜ੍ਹਤ ਬਾਜਾਰ ਵਿਖੇ ਗਿੱਦੜਬਾਹਾ ਤੋਂ ਪਾਰਟੀ ਦੇ ਉਮੀਦਵਾਰ ਹਰਦੀਪ ਸਿੰਘ ਡਿੰਪੀ ਢਿੱਲੋਂ ਦੇ ਹੱਕ ਵਿਚ ਚੋਣ ਰੈਲੀ ਨੂੰ ਸੰਬੋਧਨ ਕੀਤਾ। ਇਸ ਮੌਕੇ ਆਪਣੇ ਸੰਬੋਧਨ ਵਿਚ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸੱਤਾ ਵਿਚ ਆਉਣ ਦੇ ਢਾਈ ਸਾਲਾਂ ਦੌਰਾਨ ਜੋ ਵਾਅਦੇ ਕੀਤੇ ਸਨ, ਉਨ੍ਹਾਂ ਨੂੰ ਲਗਾਤਾਰ ਪੂਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਨੌਜਵਾਨਾਂ ਨੂੰ ਸ਼ਿਫਾਰਿਸ਼ ਅਤੇ ਰਿਸ਼ਵਤ ਨਾਲ ਮਿਲਣ ਵਾਲੀਆਂ ਨੌਕਰੀਆਂ ਨੂੰ ਪੰਜਾਬ ਸਰਕਾਰ ਨੇ ਸਿਰਫ ਮੈਰਿਟ ਦੇ ਆਧਾਰ ਤੇ ਉਨ੍ਹਾਂ ਨੌਜਵਾਨਾਂ ਨੂੰ ਦਿੱਤੀਆਂ, ਜੋ ਇੰਨਾ ਨੌਕਰੀਆਂ ਦੇ ਕਾਬਲ ਸਨ। ਉਨ੍ਹਾਂ ਕਿਹਾ ਕਿ ਸਰਕਾਰ ਨੇ ਬੀਤੇ ਢਾਈ ਸਾਲਾਂ ਵਿਚ 48 ਹਜਾਰ ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆ ਅਤੇ ਕਿਸੇ ਤੋਂ ਇਕ ਰੁਪਇਆ ਵੀ ਨਹੀਂ ਲਿਆ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਵਿਚ ਲੋਕਾਂ ਨੂੰ 600 ਯੂਨਿਟ ਮੁਫ਼ਤ ਬਿਜਲੀ ਮਿਲ ਰਹੀ ਹੈ, ਜਿਸ ਨਾਲ ਲੋਕਾਂ ਦੇ ਬਿਜਲੀ ਬਿੱਲ ਜੀਰੋ ਆ ਰਹੇ ਹਨ ਅਤੇ ਇਸਦਾ ਸਿੱਧਾ ਲਾਭ ਆਮ ਲੋਕਾਂ ਨੂੰ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਢਾਈ ਸਾਲ ਪਹਿਲਾਂ ਰਾਜ ਦੇ ਲੋਕਾਂ ਨੇ ਦੋਵਾਂ ਪਾਰਟੀਆਂ ਤੋਂ ਨਿਰਾਸ਼ ਹੋ ਕੇ 117 ਵਿਚੋਂ 92 ਸੀਟਾਂ ਆਮ ਆਦਮੀ ਪਾਰਟੀ ਨੂੰ ਦਿੱਤੀਆਂ ਪਰੰਤੂ ਉਸ ਸਮੇਂ ਗਿੱਦੜਬਾਹਾ ਦੇ ਲੋਕਾਂ ਨੇ ਕੰਮ ਕਰਨ ਨਾਲੋਂ ਜਿਆਦਾ 'ਲੜਣ' ਵਾਲੇ ਵਿਅਕਤੀ ਨੂੰ ਚੁਣ ਕੇ ਗਲਤੀ ਕੀਤੀ, ਜਿਸ ਕਾਰਨ ਗਿੱਦੜਬਾਹਾ ਹਲਕੇ ਦਾ ਵਿਕਾਸ ਨਹੀਂ ਹੋ ਸਕਿਆ। ਉਨ੍ਹਾਂ ਕਿਹਾ ਕਿ ਜੇਕਰ ਗਿੱਦੜਬਾਹਾ ਹਲਕੇ ਦੇ ਲੋਕ ਸਰਕਾਰ ਦੀ ਪਾਰਟੀ ਦਾ ਵਿਧਾਇਕ ਚੁਣਨਗੇ ਤਾਂ ਨਿਸ਼ਚਿਤ ਤੌਰ ਤੇ ਹਲਕੇ ਵਿਚ ਲਾ ਮਿਸਾਲ ਵਿਕਾਸ ਹੋਵੇਗਾ। ਇਸ ਮੌਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਆਮ ਆਦਮੀ ਪਾਰਟੀ ਅਤੇ ਅਰਵਿੰਦ ਕੇਜਰੀਵਾਲ ਨੇ ਹੋਰਨਾਂ ਪਾਰਟੀਆਂ ਨੂੰ ਬਿਜਲੀ, ਨੌਕਰੀਆਂ, ਸਕੂਲਾਂ ਅਤੇ ਹਸਪਤਾਲਾਂ ਦੀਆਂ ਗੱਲਾਂ ਕਰਨ ਲਗਾ ਦਿੱਤਾ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਲੋਕਾਂ ਦੀ ਆਪਣੀ ਪਾਰਟੀ ਹੈ, ਜੋ ਇਮਾਨਦਾਰੀ ਨਾਲ ਪੰਜਾਬ ਦਾ ਚਹੁੰਮੁਖੀ ਵਿਕਾਸ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਆਪ ਸਰਕਾਰ ਨੇ ਇਕੱਲੇ ਗਿੱਦੜਬਾਹਾ ਵਿਚ 110 ਨੌਜਵਾਨਾਂ ਨੂੰ ਸਰਕਾਰੀ ਨੌਕਰੀਆ ਦਿੱਤੀਆਂ, ਜਦੋਂਕਿ ਇਹ ਕੰਮ ਅੱਗੇ ਵੀ ਜਾਰੀ ਰਹਿਣਗੇ। ਇਨਾਂ ਹੀ ਨਹੀਂ ਸਰਕਾਰ ਵੱਲੋਂ ਪ੍ਰਾਈਵੇਟ ਸੈਕਟਰ ਵਿਚ ਵੀ ਨੌਕਰੀਆਂ ਮੁਹੱਈਆਂ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਆਪ ਸਰਕਾਰ ਨੌਜਵਾਨਾਂ ਦੇ ਹੱਥੋਂ ਟੀਕੇ ਖੋਹ ਕੇ ਟਿਕਨ ਪਕੜਾਉਣਾ ਚਾਹੁੰਦੀ ਹੈ, ਤਾਂ ਜੋ ਨੌਜਵਾਨ ਨਸ਼ਿਆਂ ਤੋਂ ਦੂਰ ਰਹਿਣ। ਇਸ ਮੌਕੇ ਆਪ ਉਮੀਦਵਾਰ ਹਰਦੀਪ ਸਿੰਘ ਡਿੰਪੀ ਢਿਲੋਂ ਨੇ ਕਿਹਾ ਕਿ ਉਹ ਸਿਰਫ ਢਾਈ ਸਾਲ ਹੀ ਗਿੱਦੜਬਾਹਾ ਦੇ ਲੋਕਾਂ ਤੋਂ ਮੰਗਦੇ ਹਨ ਅਤੇ ਜੇਕਰ ਉਹ ਇਸ ਸਮੇਂ ਦੌਰਾਨ ਜੇਕਰ ਉਹ ਆਪਣੇ ਕੀਤੇ ਵਾਅਦੇ ਪੂਰੇ ਨਾ ਕਰ ਸਕੇ ਤਾਂ ਉਹ 2027 ਵਿਚ ਵੋਟ ਮੰਗਣ ਨਹੀਂ ਆਉਣਗੇ। ਇਸ ਮੌਕੇ ਕੈਬਨਿਟ ਮੰਤਰੀ ਅਮਨ ਅਰੋੜਾ, ਗੁਰਮੀਤ ਸਿੰਘ ਖੁੱਡੀਆਂ, ਡਾ. ਬਲਜੀਤ ਕੌਰ, ਵਰਿੰਦਰ ਗੋਇਲ, ਐਮ.ਪੀ. ਮਾਲਵਿੰਦਰ ਸਿੰਘ ਕੰਗ, ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ, ਜਗਦੀਪ ਗੋਲਡੀ, ਅਮੋਲਕ ਸਿੰਘ, ਮਾਸਟਰ ਜਗਸੀਰ ਸਿੰਘ, ਜਸਵੀਰ ਸਿੰਘ ਮੌੜ, ਜਗਦੀਪ ਸਿੰਘ ਕਾਕਾ ਬਰਾੜ, ਨੀਨਾ ਮਿੱਤਲ, ਰਣਵੀਰ ਸਿੰਘ, ਅਨਮੋਲ ਸਿੰਘ ਤੋਂ ਇਲਾਵਾ ਅਮਿਤ ਕੁਮਾਰ ਸਿੰਪੀ ਬਾਂਸਲ, ਅਸ਼ੋਕ ਬੁੱਟਰ, ਸੰਨੀ ਢਿੱਲੋਂ, ਅਭੈ ਢਿੱਲੋਂ, ਪੈਵੀ ਢਿੱਲੋਂ ਆਦਿ ਵੀ ਮੌਜੂਦ ਸਨ।

# 5ਵੇਂ ਰਾਸ਼ਟਰੀ ਪੈਰਾ ਸ਼ੂਟਿੰਗ ਮੁਕਾਬਲੇ 'ਚ ਦਲਬੀਰ ਮੰਗੂਪੁਰ ਨੇ ਜਿੱਤਿਆ ਕਾਂਸੀ ਦਾ ਤਗਮਾ

ਪੰਜਾਬ ਦਾ ਖੁਲਾਸਾ



**ਫੱਤੂਢੀਂਗਾ :17 ਨਵੰਬਰ ਅਮਨਦੀਪ ਕੌਰ**- ਸ਼੍ਰੀ ਸ਼ਿਵ ਛਤਰਪਤੀ ਸਪੋਰਟਸ ਕੰਪਲੈਕਸ (ਪੁਣੇ) ਵਿਖੇ 12 ਨਵੰਬਰ ਤੋਂ 16 ਨਵੰਬਰ ਤੱਕ ਆਯੋਜਿਤ 5ਵੇਂ ਰਾਸ਼ਟਰੀ ਪੈਰਾ ਸ਼ੂਟਿੰਗ ਮੁਕਾਬਲੇ ਵਿੱਚ ਪੰਜਾਬ ਲਈ ਦਲਬੀਰ ਸਿੰਘ ਮੰਗੂਪੁਰ ਨੇ ਕਾਂਸੀ ਦਾ ਤਗਮਾ ਜਿੱਤ ਕੇ ਪੰਜਾਬ ਸਮੇਤ ਆਪਣੇ ਮਾਪਿਆਂ ਅਤੇ ਪਿੰਡ ਦਾ ਨਾਮ ਰੌਸ਼ਨ ਕੀਤਾ। ਜਿਕਰਯੋਗ ਹੈ ਕਿ ਪੀਸੀਆਈ (ਪੈਰਾਓਲਪਿੰਕ ਕਮੇਟੀ ਆਫ ਇੰਡੀਆ) ਵੱਲੋਂ ਕਰਵਾਈ ਗਈ ਇਸ ਪ੍ਰਤੀਯੋਗਤਾ ਵਿੱਚ ਵੱਖ ਵੱਖ ਸੂਬਿਆਂ ਤੋਂ ਖਿਡਾਰੀਆਂ ਨੇ ਹਿੱਸਾ ਲਿਆ ਸੀ ਪਰ ਮੰਗੂਪੁਰ ਦੇ ਦਲਬੀਰ ਸਿੰਘ ਨੇ ਖਿਡਾਰੀਆਂ ਪਿੱਛੇ ਪਛਾੜਦੇ ਹੋਏ ਪਹਿਲੇ ਤਿੰਨਾਂ 'ਚ ਆਪਣੀ ਜਗਾ ਬਣਾਈ ਤੇ ਕਾਂਸੀ ਦਾ ਤਗਮਾ ਜਿੱਤਿਆ। ਮੁਕਾਬਲਿਆਂ ਦੌਰਾਨ ਦਲਬੀਰ ਸਿੰਘ ਨੇ 10 ਮੀਟਰ ਅਤੇ 50 ਮੀਟਰ ਰਾਈਫਲ ਸ਼ੂਟਿੰਗ ਦੇ 3 ਵੱਖ-ਵੱਖ ਵਰਗਾਂ ਵਿੱਚ ਭਾਗ ਲਿਆ, ਜਿਸ ਵਿੱਚੋਂ ਉਸਨੇ 50 ਮੀਟਰ ਰਾਈਫਲ ਪ੍ਰੋਨ-ਈਵੈਂਟ ਵਿੱਚੋਂ ਕਾਂਸੀ ਦਾ ਤਗਮਾ ਜਿੱਤਿਆ। ਇੱਥੇ ਇਹ ਵੀ ਜਿਕਰਯੋਗ ਹੈ ਕਿ ਦਲਬੀਰ ਸਿੰਘ ਪਹਿਲਾਂ ਹੀ ਭਾਰਤ ਲਈ ਖੇਡ ਚੁਕਾ ਹੈ ਅਤੇ ਇਸ ਸਾਲ ਮਾਰਚ 2024 ਵਿੱਚ ਵਿਸ਼ਵ ਨਿਸ਼ਾਨੇਬਾਜ਼ੀ ਪੈਰਾ ਸਪੋਰਟਸ ਵਿਸ਼ਵ ਕੱਪ ਵਿੱਚ ਹਿੱਸਾ ਲਿਆ ਸੀ। ਹੁਣ ਉਹ ਭਾਰਤੀ ਟੀਮ ਟਰਾਇਲਾਂ ਦੀ ਤਿਆਰੀ ਕਰੇਗਾ ਜੋ ਕਿ 2 ਦਸੰਬਰ ਤੋਂ ਡਾ. ਕਰਨੀ ਸਿੰਘ ਸ਼ੂਟਿੰਗ ਰੇਂਜ (ਦਿੱਲੀ) ਵਿਖੇ ਸ਼ੁਰੂ ਹੋਣਗੇ। ਦਲਬੀਰ ਸਿੰਘ ਅਗਲੇ ਮਹੀਨੇ ਐਨਆਰਏਆਈ (ਨੈਸ਼ਨਲ ਰਾਈਫਲ ਐਸੋਸੀਏਸ਼ਨ ਆਫ ਇੰਡੀਆ) ਦੁਆਰਾ ਆਯੋਜਿਤ ਰਾਸ਼ਟਰੀ ਚੈਂਪੀਅਨਸ਼ਿਪ ਮੁਕਾਬਲੇ ਵਿੱਚ ਵੀ ਭਾਗ ਲਵੇਗਾ।

# ਰਾਜ ਪੱਧਰੀ ਖੇਡਾਂ ਵਿੱਚ ਸਰਕਾਰੀ ਸਕੂਲ ਕੁਠਾਲਾ ਦੀ ਵਿਦਿਆਰਥਣ ਨੇ ਸੋਨ ਤਗਮਾ ਜਿੱਤਿਆ

ਪੰਜਾਬ ਦਾ ਖੁਲਾਸਾ




**ਸੰਦੌੜ 17 ਨਵੰਬਰ (ਬੋਪਾਰਾਏ)**: ਰਾਜ ਪੱਧਰੀ ਖੇਡਾਂ ਵਤਨ ਪੰਜਾਬ ਦੀਆਂ ਜੋ ਕਿ ਜਿਲਾ ਮਾਨਸਾ ਵਿਖੇ ਹੋ ਰਹੀਆਂ ਹਨ ਉਸ ਵਿੱਚ ਸਰਕਾਰੀ ਸਮਾਰਟ ਸੀਨੀਅਰ ਸੈਕੰਡਰੀ ਸਕੂਲ ਕੁਠਾਲਾ ਦੀ ਵਿਦਿਆਰਥਣ ਨੇ ਸੋਨ ਤਗਮਾ ਹਾਸਲ ਕੀਤਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਦੇ ਪ੍ਰਿੰਸੀਪਲ ਰਜਿੰਦਰ ਕੁਮਾਰ ਨੇ ਦੱਸਿਆ ਕਿ 12ਵੀਂ ਜਮਾਤ ਦੀ ਵਿਦਿਆਰਥਣ ਜੋਤੀ ਕੌਰ ਪੁੱਤਰੀ ਰਸ਼ਪਾਲ ਸਿੰਘ ਪਿੰਡ ਭੂਦਨ ਨੇ ਅੰਡਰ 17 ਸਾਲ ਜੂਡੋ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਹਾਸਲ ਕਰਕੇ ਸੋਨ ਤਗਮਾ ਜਿੱਤਿਆ। ਉਹਨਾਂ ਦੱਸਿਆ ਕਿ ਸਕੂਲ ਦੀ ਮਿਹਨਤੀ ਵਿਦਿਆਰਥਣ ਜੋਤੀ ਕੌਰ ਨੇ ਪਹਿਲਾਂ ਨੈਸ਼ਨਲ ਖੇਡਾਂ ਵਿੱਚ ਵਿੱਚ ਚਾਂਦੀ ਤੇ ਕਾਂਸੀ ਦਾ ਤਗਮਾ ਹਾਸਲ ਸੀ। ਜੋਤੀ ਕੌਰ ਦੀ ਇਸ ਸਾਨਾਮਈ ਪ੍ਰਾਪਤੀ ਲਈ ਦਲਵੀਰ ਸਿੰਘ ਪ੍ਰਿੰਸੀਪਲ ਸਕੂਲ ਆਫ ਐਮੀਨੈਂਸ ਸੰਦੌੜ ਨੇ ਵਧਾਈ ਦਿੰਦਿਆਂ ਕਿਹਾ ਲੜਕੀਆਂ ਦਾ ? ਪੜ੍ਹਾਈ ਦੇ ਨਾਲ ਨਾਲ ਖੇਡਾਂ ਦੇ ਖੇਤਰ ਵਿੱਚ ਅੱਗੇ ਆਉਣਾ ਸੁਭ ਸਗਨ ਹੈ। ਕੁਠਾਲਾ ਸਕੂਲ ਦੀ ਵਿਦਿਆਰਥਣ ਦੀ ਇਸ ਵਿਲੱਖਣ ਪ੍ਰਾਪਤੀ ਲਈ ਕਰਮਜੀਤ ਸਿੰਘ ਮਾਨ ਚੇਅਰਮੈਨ ਮਾਰਕੀਟ ਕਮੇਟੀ ਸੰਦੌੜ, ਸਰਪੰਚ ਮਨਜਿੰਦਰ ਕੌਰ ਕੁਠਾਲਾ, ਗੁਰਲਵਲੀਨ ਸਿੰਘ ਲਵਲੀ ਸਾਬਕਾ ਸਰਪੰਚ ਕੁਠਾਲਾ, ਤਲਵੀਰ ਸਿੰਘ ਕਾਲਾ, ਜੇਈ ਮਨਪ੍ਰੀਤ ਸਿੰਘ ਕੁਠਾਲਾ, ਗੁਰਦੀਪ ਸਿੰਘ ਰੰਧਾਵਾ ਪ੍ਰਧਾਨ ਗੁਰਦੁਆਰਾ ਸ਼ਹੀਦੀ ਕੁਠਾਲਾ, ਲੈਕਚਰਾਰ ਜਸਵਿੰਦਰ ਸਿੰਘ ਕੁਠਾਲਾ, ਗੋਬਿੰਦ ਸਿੰਘ ਫੌਜੀ, ਵੈਦ ਨਿਹਾਲ ਸਿੰਘ ਕੁਠਾਲਾ ਅਤੇ ਸਕੂਲ ਦੇ ਸਮੂਹ ਸਟਾਫ ਨੇ ਵਧਾਈ ਦਿੱਤੀ।

# ਪਿੰਡ ਨਰੈਣਪੁਰਾ ਵਿਖੇ 'ਚ ਵਾਟਰ ਵਰਕਸ ਦੀ ਪਾਈਪ ਲਾਈਨ ਦੀ ਰਿਪੇਅਰ ਅਤੇ ਨਵੀਨੀਕਰਨ ਕਰਵਾਇਆ ਗਿਆ

ਪੰਜਾਬ ਦਾ ਖੁਲਾਸਾ



**ਪੱਟੀ ਸਦੀਕ, 16 ਨਵੰਬਰ (ਬਲਕਰਨ ਸਿੰਘ ਮਸ਼ਾਲ)**- ਅੱਜ ਪਿੰਡ ਨਰੈਣਪੁਰਾ ਵਿਖੇ ਸਰਪੰਚ ਜਸਵਿੰਦਰ ਕੌਰ ਸਰਾਂ ਦੇ ਸਪੁੱਤਰ ਡਾ. ਗੁਰਲਾਭ ਸਿੰਘ ਸਰਾਂ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਨ੍ਹਾਂ ਪਿੰਡ ਵਿੱਚ ਵਾਟਰ ਵਰਕਸ ਦੀ ਪਾਈਪ ਲਾਈਨ ਰਿਪੇਅਰ ਅਤੇ ਨਵੀਨੀਕਰਨ ਕਰਵਾਇਆ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਪੰਚਾਇਤਾਂ ਭੰਗ ਹੋਣ ਤੋਂ ਬਾਅਦ ਹੀ ਉਨ੍ਹਾਂ ਨੂੰ ਪਿੰਡ ਦੇ ਪ੍ਰਬੰਧਕ ਲਗਾਇਆ ਗਿਆ ਸੀ ਜਿਸ ਦੇ ਤਹਿਤ ਉਨ੍ਹਾਂ ਪਿੰਡ ਦੇ ਢੇਰ ਸਾਰੇ ਹੀ ਕੰਮ ਕਰਵਾਏ ਹਨ। ਉਨ੍ਹਾਂ ਕਿਹਾ ਕਿ ਸਾਡੇ ਪਿੰਡ 70 ਸਾਲਾਂ ਤੋਂ ਵਿਕਾਸ ਕਾਰਜਾਂ ਤੋਂ ਵਾਝਾਂ ਰਿਹਾ ਹੈ। ਕਿਸੇ ਨੇ ਵੀ ਸਾਡੇ ਪਿੰਡ ਦੀ ਸਾਰ ਨਹੀਂ ਲਈ ਹੁਣ ਸਰਪੰਚ ਬਣਨ ਤੋਂ ਬਾਅਦ ਅਸੀਂ ਪਿੰਡ ਦੇ ਸਾਰੇ ਕੰਮ ਕਰਵਾਵਾਂਗੇ ਜਿਵੇਂ ਕਿ ਨਵਾਂ ਹਸਪਤਾਲ, ਬੈਂਕ, ਸਕੂਲ ਅਪਡੇਟ ਆਦਿ ਹੋਰ ਅਨੇਕਾਂ ਕਾਰਜ ਕੀਤੇ ਜਾਣਗੇ। ਇਸ ਮੌਕੇ 'ਤੇ ਫਿਲਮ ਡਾਇਰੈਕਟਰ ਮਨਜੀਤ ਸਿੰਘ ਔਲਖ ਅਤੇ ਪ੍ਰੋਡਿਊਸਰ ਰਵਿੰਦਰ ਸਿੰਘ ਔਲਖ ਨੇ ਕਿਹਾ ਕਿ ਪਿੰਡ 'ਚ ਨਸ਼ਾ ਛੜਾਉ ਅਭਿਆਨ ਵੀ ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪਿੰਡ ਦੇ ਸੁਧਾਰ ਅਤੇ ਵਿਕਾਸ ਕਾਰਜਾਂ ਵਿੱਚ ਕੋਈ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ। ਇਸ ਮੌਕੇ ਤੇ ਡਾ. ਗੁਰਲਾਭ ਸਿੰਘ ਸਰਾਂ, ਮੈਂਬਰ ਮੇਜ਼ਰ ਸਿੰਘ, ਮੈਂਬਰ ਬਹਾਦਰ ਰਾਮ, ਮਮਤਾ ਰਾਣੀ, ਬੁੱਗਾ ਦੇਵੀ, ਪਰਮਜੀਤ ਕੌਰ, ਰਜੇਸ਼ ਕੁਮਾਰ, ਮਨੀਸ਼ ਕੁਮਾਰ, ਊਸ਼ਾ ਰਾਣੀ, ਨਾਮਦੀਪ ਆਦਿ ਹਾਜ਼ਰ ਰਹੇ।

## ਫ਼ਿਲਮ ਪ੍ਰੋਡਿਊਸਰ ਰਵਿੰਦਰ ਸਿੰਘ ਔਲਖ ਨੇ ਕਿਹਾ ਨਸ਼ੇ ਦੇ ਖ਼ਿਲਾਫ਼ ਆਵਾਜ਼ ਬੁਲੰਦ 'ਤੇ ਖ਼ਤਮ ਕਰਨ ਦੀ ਕੋਸ਼ਿਸ਼ ਕਰਾਂਗੇ



## ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਖਰਾਬ ਮੌਸਮ ਕਾਰਨ ਕੰਮ ਕਰਨ ਤੋਂ ਅਸਮਰਥ ਬਜ਼ੁਰਗਾਂ ਨੂੰ ਦਿੱਤੀ ਵਿੱਤੀ ਸਹਾਇਤਾ

ਪੰਜਾਬ ਦਾ ਖੁਲਾਸਾ

**ਸ੍ਰੀ ਮੁਕਤਸਰ ਸਾਹਿਬ, 17 ਨਵੰਬਰ ( ਮਨਪ੍ਰੀਤ ਮੋਨੂੰ )** ਡਾਕਟਰ ਐਸ ਪੀ ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਬਿਨਾਂ ਕਿਸੇ ਵੀ ਤਰ੍ਹਾਂ ਦੇ ਭੇਦ ਭਾਵ ਤੋਂ ਕਾਰਜ ਜਾਰੀ ਹਨ ਇਸ ਲੜੀ ਤਹਿਤ ਸ ਜੱਸਾ ਸਿੰਘ ਸੰਧੂ ਕੋਮੀ ਪ੍ਰਧਾਨ ਦੇ ਦਿਸ਼ਾ ਨਿਰਦੇਸ਼ਾਂ ਤੇ ਸ੍ਰੀ ਮੁਕਤਸਰ ਸਾਹਿਬ ਵਿਖੇ 29 ਕੰਮ ਕਰਨ ਤੋਂ ਅਸਮਰਥ ਬਜ਼ੁਰਗਾਂ ਨੂੰ ਵਿੱਤੀ ਸਹਾਇਤਾ ਦਿੱਤੀ ਗਈ ਸਿਮਰਜੀਤ ਸਿੰਘ ਲੱਖੇਵਾਲੀ ਬਲਾਕ ਪ੍ਰਧਾਨ ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ ਤੇ ਪਹੁੰਚੇ ਅਤੇ ਡਾਕਟਰ ਓਬਰਾਏ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਗਈ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਹ ਵਿੱਤੀ ਸਹਾਇਤਾ ਲੈਣ ਵਾਲੇ ਬਜ਼ੁਰਗ ਕਈ ਕਾਰਨਾਂ ਕਰਕੇ ਕੰਮ ਕਰਨ ਤੋਂ ਅਸਮਰਥ ਹਨ ਜੋ ਕੋਈ ਮਾੜਾ ਮੋਟਾ ਕੰਮ ਕਰਦਾ ਸੀ ਉਹ ਵੀ ਪਿਛਲੇ ਕਾਫੀ ਦਿਨਾਂ ਤੋਂ ਮੌਸਮ ਖਰਾਬ ਹੋਣ ਕਾਰਨ ਘਰਾਂ ਵਿੱਚ ਵੀ ਹਨ। ਸਹਾਇਤਾ ਰਾਸ਼ੀ ਲੈਣ ਉਪਰੰਤ ਇਨ੍ਹਾਂ ਬਜ਼ੁਰਗਾਂ ਵੱਲੋਂ ਡਾਕਟਰ ਐਸ ਪੀ ਸਿੰਘ ਓਬਰਾਏ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ਓਬਰਾਏ ਦੇ ਇਸ ਉਪਰਾਲੇ ਨਾਲ ਅਸੀਂ ਆਪਣੀਆਂ ਮੁਢਲੀਆਂ ਲੋੜਾਂ ਪੂਰੀਆਂ ਕਰਨ ਦੇ ਸਮਰੱਥ ਹੋ ਗਏ ਹਾਂ।ਇਸ ਮੌਕੇ ਗੁਰਪਾਲ ਸਿੰਘ ਪਾਲੀ ਕੈਸ਼ੀਅਰ, ਮਲਕੀਤ ਸਿੰਘ ਰਿਟਾ ਬੈਕ ਮੈਨੇਜਰ, ਜਸਵਿੰਦਰ ਸਿੰਘ ਮਣਕੂ, ਗੁਰਚਰਨ ਸਿੰਘ ?ਆਸਟ੍ਰੇਲੀਆ ਵਾਲੇ, ਬਰਨੇਕ ਸਿੰਘ ਰਿਟਾਇਰਡ ਲੈਕਚਰਾਰ, ਜਸਬੀਰ ਸਿੰਘ ਰਿਟਾਇਰਡ ਏ ਐਸ ਆਈ , ਗੁਰਜੀਤ ਸਿੰਘ ਜੀਤਾ ਆਦਿ ਹਾਜ਼ਰ ਸਨ।

# ਮਸ਼ਹੂਰ ਐਕਟਰ ਹੋਬੀ ਧਾਲੀਵਾਲ ਸਰਾਭਾ ਨਗਰ ਲੁਧਿਆਣਾ ਵਿੱਚ ਖੋਲ੍ਹੇ ਗਏ ਫੈਮਿਲੀ ਸੈਲੂਨ ਟਰੈਸ ਲੌਂਜ ਵਿੱਚ ਪਹੁੰਚੇ

ਪੰਜਾਬ ਦਾ ਖੁਲਾਸਾ

**ਲੁਧਿਆਣਾ, 17 ਨਵੰਬਰ ( ਮਨਪ੍ਰੀਤ ਮੋਨੂੰ )** ਮਸ਼ਹੂਰ ਪੰਜਾਬੀ ਅਦਾਕਾਰ ਹੋਬੀ




ਧਾਲੀਵਾਲ ਨੇ ਹਾਲ ਹੀ ਵਿੱਚ ਕਿਪਸ ਮਾਰਕੀਟ, ਸਰਾਭਾ ਨਗਰ ਵਿੱਚ ਖੁੱਲ੍ਹੀ ਉੱਤਰੀ ਭਾਰਤ ਦੀ ਸਭ ਤੋਂ ਵੱਡੀ ਲਗਜ਼ਰੀ ਸੈਲੂਨ ਚੇਨ, ਟਰੈਸ ਲੌਂਜ ਦੀ ਲੁਧਿਆਣਾ ਸ਼ਾਖਾ ਦਾ ਵਿਸ਼ੇਸ਼ ਦੌਰਾ ਕੀਤਾ। ਲੁਧਿਆਣਾ ਟੈਰੇਸ ਲੌਂਜ ਦੀ ਮਾਲਕ ਸ੍ਰੀਮਤੀ ਸੋਨੀਆ ਵਰਮਾ ਨੇ ਆਪਣੀ ਸਮੁੱਚੀ ਟੀਮ ਸਮੇਤ ਉਨ੍ਹਾਂ ਦਾ ਵਿਸ਼ੇਸ਼ ਤੌਰ 'ਤੇ ਸਵਾਗਤ ਕੀਤਾ। ਇਸ ਮੌਕੇ ਧਾਲੀਵਾਲ ਨੇ ਸੈਲੂਨ ਦੀਆਂ ਸੇਵਾਵਾਂ ਦਾ ਵੀ ਆਨੰਦ ਲਿਆ ਅਤੇ ਸਾਰੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ। ਹੋਬੀ ਧਾਲੀਵਾਲ ਨੇ ਇਸ ਮੌਕੇ 'ਤੇ ਸ਼ਿਰਕਤ ਕਰਨ ਪੰਜਾਬ ਭਾਜਪਾ ਦੇ ਸੀਨੀਅਰ ਆਗੂਆਂ ਜੀਵਨ ਗੁਪਤਾ ਤੇ ਸੁਖਵਿੰਦਰਪਾਲ ਸਿੰਘ ਗਰਚਾ ਅਤੇ ਆਏ ਸਾਰੇ ਲੋਕਾਂ ਅਤੇ ਗਾਹਕਾਂ ਦਾ ਨਿੱਘਾ ਸਵਾਗਤ ਕੀਤਾ ਅਤੇ ਚੰਡੀਗੜ੍ਹ ਦੀ ਮਸ਼ਹੂਰ ਕੰਪਨੀ ਦੀ ਲੁਧਿਆਣਾ ਬ੍ਰਾਂਚ ਖੋਲ੍ਹਣ 'ਤੇ ਵਧਾਈ ਦਿੱਤੀ। ਧਾਲੀਵਾਲ ਨੇ ਸ੍ਰੀਮਤੀ ਵਰਮਾ ਅਤੇ ਉਨ੍ਹਾਂ ਦੀ ਸਮੁੱਚੀ ਟੈਰੇਸ ਲੌਂਜ ਟੀਮ ਨੂੰ ਸ਼ੁਭਕਾਮਨਾਵਾਂ ਦਿੱਤੀਆਂ।

# ਪੀ ਡਬਲਯੂ ਡੀ ਫੀਲਡ ਐਂਡ ਵਰਕਸ਼ਾਪ ਵਰਕਰਜ਼ ਯੂਨੀਅਨ ਦਾ ਦੋ ਦਿਨਾ ਡੈਲੀਗੇਟ ਅਜਲਾਸ ਹੋਇਆ ਸਮਾਪਤ

ਪੰਜਾਬ ਦਾ ਖੁਲਾਸਾ



**ਜਲੰਧਰ:17ਨਵੰਬਰ( ਅੰਮ੍ਰਿਤਪਾਲ ਸਿੰਘ)** ਪੀ ਡਬਲਯੂ ਡੀ ਫੀਲਡ ਐਂਡ ਵਰਕਸ਼ਾਪ ਵਰਕਰਜ਼ ਯੂਨੀਅਨ ਪੰਜਾਬ ਦੀ 16ਵੀਂ ਦੋ ਰੋਜ਼ਾ ਸੂਬਾ ਕਾਨਫਰੰਸ ਅੱਜ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਸਮਾਪਤ ਹੋਈ ਦੂਸਰੇ ਦਿਨ ਪ੍ਰਧਾਨਗੀ ਮੰਡਲ ਵਿੱਚ ਕਰਮਜੀਤ ਸਿੰਘ ਬੀਹਲਾ, ਤੀਰਥ ਸਿੰਘ ਬਾਸੀ, ਮੱਖਣ ਸਿੰਘ ਵਾਹਿਦਪੁਰ, ਅਨਿਲ ਬਰਨਾਲਾ, ਮੱਖਣ ਸਿੰਘ ਬਠਿੰਡਾ, ਸੁਖਚੈਨ ਸਿੰਘ, ਸਤਨਾਮ ਸਿੰਘ ਤਰਨਤਾਰਨ, ਕਰਮ ਸਿੰਘ ਰੋਪੜ, ਰਜਿੰਦਰ ਸਿੰਘ ਪਠਾਨਕੋਟ, ਰਣਵੀਰ ਸਿੰਘ ਟੂਸੇ, ਦਰਸ਼ਨ ਚੀਮਾ, ਬਲਰਾਜ ਮੌੜ ਸ਼ਾਮਲ ਸਨ।

ਦੂਸਰੇ ਦਿਨ ਸਾਥੀ ਗੁਰਵਿੰਦਰ ਸਿੰਘ ਖਮਾਣੋਂ ਨੇ ਵਿੱਤ ਰਿਪੋਰਟ ਅਤੇ ਅਮਰਜੀਤ ਸਿੰਘ ਹੁਸ਼ਿਆਰਪੁਰ ਨੇ ਕ੍ਰਡੈਂਸੀਅਲ ਰਿਪੋਰਟ ਪੇਸ਼ ਕੀਤੀ। ਜਿਸ ਤੇ ਵੱਖ ਵੱਖ ਸਾਥੀਆਂ ਨੇ ਵਿਚਾਰ ਪੇਸ਼ ਕੀਤੇ ।ਇਸ ਡੈਲੀਗੇਟ ਅਜਲਾਸ ਨੂੰ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਅਤੇ ਪੰਜਾਬ ਸਟੂਡੈਂਟਸ ਫੈਡਰੇਸ਼ਨ ਦੇ ਸੂਬਾ ਆਗੂ ਰਵਿੰਦਰ ਸਿੰਘ ਰਵੀ, ਪ.ਸ.ਸ.ਫ ਦੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ, ਸੀਨੀਅਰ ਮੀਤ ਪ੍ਰਧਾਨ ਕਰਮਜੀਤ ਸਿੰਘ ਬੀਹਲਾ, ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਵਿੱਤ ਸਕੱਤਰ ਪ੍ਰਿੰਸੀਪਲ ਅਮਨਦੀਪ ਸ਼ਰਮਾ,ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਦੇ ਕੁਲਦੀਪ ਵਾਲੀਆ,ਸੀ ਟੀ ਯੂ ਪੰਜਾਬ ਦੇ ਆਗੂ ਰਾਮ ਕ੍ਰਿਸ਼ਨ ਨੇ ਸੰਬੋਧਨ ਕਰਦੇ ਹੋਏ ਭਰਾਤਰੀ ਸੰਦੇਸ਼ ਦਿੱਤੇ।

ਜਨਰਲ ਸਕੱਤਰ ਵੱਲੋਂ ਪੇਸ਼ ਕੀਤੀ ਗਈ ਕਾਰਵਾਈ ਰਿਪੋਰਟ ਤੇ ਸੂਬੇ ਭਰ ਵਿੱਚੋਂ 42 ਸਾਥੀਆਂ ਨੇ ਭਾਗ ਲਿਆ। ਕੁੱਝ ਸੋਧਾਂ ਤੋਂ ਬਾਅਦ ਰਿਪੋਰਟ ਨੂੰ ਸਰਬ ਸੰਮਤੀ ਨਾਲ ਪਾਸ ਕੀਤਾ ਗਿਆ।ਇਸ ਮੌਕੇ ਕਿਰਤੀ ਮਿਹਨਤੀ ਅਤੇ ਮੁਲਾਜ਼ਮਾਂ ਦੇ ਪੱਖ ਵਿੱਚ ਅਤੇ ਸਰਕਾਰ ਦੀਆਂ ਮੁਲਾਜ਼ਮ ਮਾਰੂ ਅਤੇ ਆਮ ਲੋਕਾਂ ਵਿਰੋਧੀ ਨੀਤੀਆਂ ਦੇ ਵਿਰੋਧ ਵਿੱਚ ਕੁੱਝ ਮਤੇ ਵੀ ਪਾਸ ਕੀਤੇ ਗਏ। ਇਸ ਮੌਕੇ ਜਥੇਬੰਦੀ ਦੇ ਸੂਬਾ ਪੱਧਰੀ ਜੋ ਆਗੂ ਪਿਛਲੀ ਟਰਮ ਦੌਰਾਨ ਸੇਵਾ ਮੁਕਤ ਹੋਏ, ਵਲੰਟੀਅਰ ਅਤੇ ਇਸ ਅਜਲਾਸ ਲਈ ਬਣਾਈਆਂ ਗਈਆਂ ਸਬ ਕਮੇਟੀਆਂ ਦੇ ਸਾਥੀਆਂ ਨੂੰ ਸਨਮਾਨ ਚਿੰਨ ਦੇ ਕੇ ਸਨਮਾਨ ਕੀਤਾ ਗਿਆ।

## ਮੱਖਣ ਸਿੰਘ ਵਾਹਿਦਪੁਰੀ ਪ੍ਰਧਾਨ ਅਤੇ ਫੁੰਮਣ ਸਿੰਘ ਕਾਠਗੜ੍ਹ ਜਨਰਲ ਸਕੱਤਰ ਚੁਣੇ ਗਏ

ਪੁਰਾਣੀ ਸੂਬਾ ਕਮੇਟੀ ਭੰਗ ਕਰਨ ਤੋਂ ਬਾਅਦ ਨਵੀਂ ਸੂਬਾ ਕਮੇਟੀ ਦਾ ਪੈਨਲ ਮੁਲਾਜ਼ਮਾਂ ਦੇ ਸੂਬਾ ਆਗੂ ਰਹੇ ਅਤੇ ਪੈਨਸ਼ਨਰ ਆਗੂ ਮਨਜੀਤ ਸਿੰਘ ਸੈਣੀ ਨੇ ਪੇਸ਼ ਕੀਤਾ।ਜਿਸ ਪੈਨਲ ਨੂੰ ਹਾਊਸ ਨੇ ਸਰਬ ਸੰਮਤੀ ਨਾਲ ਪਾਸ ਕੀਤਾ।

ਜਿਸ ਅਨੁਸਾਰ ਚੁਣੇ ਗਏ ਅਜਲਾਸ ਦੇ ਅੰਤ ਵਿੱਚ ਨਵੇਂ ਚੁਣੇ ਗਏ ਪ੍ਰਧਾਨ ਮੱਖਣ ਸਿੰਘ ਵਾਹਿਦਪੁਰੀ, ਜਨ ਸਕੱਤਰ ਫੁੰਮਣ ਸਿੰਘ ਕਾਠਗੜ੍ਹ, ਸੀਨੀਅਰ ਮੀਤ ਪ੍ਰਧਾਨ ਬਲਰਾਜ ਮੌੜ,ਅਮਰੀਕ ਸਿੰਘ ਸੇਖੋਂ, ਹਰਪ੍ਰੀਤ ਸਿੰਘ ਗਰੇਵਾਲ, ਦਰਸ਼ਨ ਚੀਮਾ ਸੰਗਰੂਰ, ਸਤਨਾਮ ਸਿੰਘ ਤਰਨਤਾਰਨ, ਲਖਵਿੰਦਰ ਸਿੰਘ ਖ਼ਾਨਪੁਰ ਪਟਿਆਲਾ,ਮੀਤ ਪ੍ਰਧਾਨ ਪੁਸ਼ਪਿੰਦਰ ਕੁਮਾਰ ਵਿਰਦੀ ਜਲੰਧਰ, ਗੁਰਦਰਸ਼ਨ ਸਿੰਘ ਪਟਿਆਲਾ, ਰਣਜੀਤ ਸਿੰਘ ਵਿਰਕ ਰੋਪੜ , ਸਤਿਅਮ ਮੋਗਾ, ਸਤਨਾਮ ਸਿੰਘ ਗੁਰਦਾਸਪੁਰ, ਦਰਸ਼ਨ ਸ਼ਰਮਾ ਬਠਿੰਡਾ, ਹਰਪਾਲ ਸਿੰਘ ਸੁਨਾਮ, ਜੁਆਇੰਟ ਸਕੱਤਰ ਸੁਖਦੇਵ ਸਿੰਘ ਜਾਜਾ, ਜਤਿੰਦਰ ਸਿੰਘ ਵਿਰਕ ਅੰਮ੍ਰਿਤਸਰ,ਰਾਮ ਲੁਭਾਇਆ ਦਿਵੇਦੀ ਰੋਪੜ, ਸੁਰੇਸ਼ ਕੁਮਾਰ ਮੋਹਾਲੀ, ਵਿੱਤ ਸਕੱਤਰ ਬਲਜਿੰਦਰ ਸਿੰਘ ਤਰਨਤਾਰਨ, ਜੁਆਇੰਟ ਵਿੱਤ ਸਕੱਤਰ ਅਮਰੀਕ ਸਿੰਘ ਲੁਧਿਆਣਾ,ਅੰਗਰੇਜ਼ ਸਿੰਘ ਅੰਮ੍ਰਿਤਸਰ, ਅਮਰਜੀਤ ਕੁਮਾਰ ਹੁਸ਼ਿਆਰਪੁਰ, ਪ੍ਰੈੱਸ ਸਕੱਤਰ ਰਣਵੀਰ ਸਿੰਘ ਟੂਸੇ, ਰਜਿੰਦਰ ਸਿੰਘ ਮਹਿਰਾ, ਸੁਖਬੀਰ ਸਿੰਘ ਢੀਂਡਸਾ,ਧਰਮਿੰਦਰ ਸਿੰਘ, ਤਰਸੇਮ ਲਾਲ ਛਿੱਤਰ ਪਾਲ ਸਿੰਘ ਮਾਨਸਾ ਦਰਸ਼ਨ ਸਿੰਘ ਸੰਧੂ, ਪ੍ਰੇਮ ਕੁਮਾਰ, ਹਰਪਾਲ ਸਿੰਘ ਗੁਰਦਾਸਪੁਰ, ਜਥੇਬੰਧਕ ਸਕੱਤਰ ਦਰਸ਼ਨ ਲਾਲ ਸੰਧੂ ਮਾਨਸਾ, ਪ੍ਰੇਮ ਕੁਮਾਰ ਗੋਰਾ, ਹਰਪਾਲ ਸਿੰਘ ਗੁਰਦਾਸਪੁਰ,ਸੁਬੇਗ ਸਿੰਘ ਤਰਨਤਾਰਨ ਇੰਦਰਜੀਤ ਰਿਸ਼ੀ ਫਿਰੋਜਪੁਰ, ਨਰਿੰਦਰ ਕੁਮਾਰ ਰੋਪੜ ,ਨਾਇਬ ਸਿੰਘ ਬਠਿੰਡਾ, ਟੇਕ ਚੰਦ ਮਾਹਿਲਪੁਰ, ਨਰਿੰਦਰ ਕੁਮਾਰ ਰੋਪੜ,ਸਾਹਿਬ ਸਿੰਘ ਬਠਿੰਡਾ, ਅਨਿਲ ਕੁਮਾਰ,ਐਡੀਟਰ ਦਰਸ਼ਨ ਸਿੰਘ ਫਿਰੋਜ਼ਪੁਰ, ਸਹਾਇਕ ਐਡੀਟਰ ਤਰਸੇਮ ਮਾਧੋਪੁਰੀ ਚੁਣੇ ਗਏ। ਪੁਸ਼ਪਿੰਦਰ ਕੁਮਾਰ ਬਿਰਦੀ ਨੇ ਸੂਬੇ ਭਰ ਵਿੱਚੋਂ ਆਏ ਸਾਰੇ ਆਗੂਆਂ ਅਤੇ ਡੈਲੀਗੇਟਾਂ ਦਾ ਹਾਰਦਿਕ ਧੰਨਵਾਦ ਕੀਤਾ। ਇਸ ਸਮੇਂ ਹੋਰਨਾਂ ਤੋਂ ਇਲਾਵਾ ਜਸਵੀਰ ਸਿੰਘ ਖੋਖਰ, ਸੁਖਚੈਨ ਸਿੰਘ ਬਠਿੰਡਾ,ਅਮਰੀਕ ਸਿੰਘ ਸੇਖੋਂ, ਪੁਸ਼ਪਿੰਦਰ ਕੁਮਾਰ ਵਿਰਦੀ, ਦਰਸ਼ਨ ਚੀਮਾ, ਬਲਜਿੰਦਰ ਸਿੰਘ ਤਰਨਤਾਰਨ, ਹਰਪ੍ਰੀਤ ਗਰੇਵਾਲ, ਰਣਵੀਰ ਟੂਸੇ, ਮਾਲਵਿੰਦਰ ਸਿੰਘ ਸੰਗਰੂਰ, ਕਰਮ ਸਿੰਘ ਰੋਪੜ, ਰਾਜਿੰਦਰ ਕੁਮਾਰ ਪਠਾਨਕੋਟ, ਲਖਵੀਰ ਸਿੰਘ ਬਠਿੰਡਾ, ਦਰਸ਼ਨ ਸਿੰਘ ਸੰਧੂ,ਅਕਲ ਚੰਦ ਸਿੰਘ,,ਪੂਰਨ ਸਿੰਘ ਬਿਲਗਾ, ਬਲਵੀਰ ਸਿੰਘ ਗੁਰਾਇਆ, ਕੁਲਦੀਪ ਸਿੰਘ ਕੌੜਾ, ਕੁਲਵੰਤ ਰਾਮ ਰੁੜਕਾ,ਬਲਵਿੰਦਰ ਕੁਮਾਰ,ਪ੍ਰੇਮ ਖਲਵਾੜਾ, ਵੇਦ ਰਾਜ, ਪਰਨਾਮ ਸਿੰਘ ਸੈਣੀ,ਵਿੱਦਿਆ ਸਾਗਰ ,ਬਲਜੀਤ ਸਿੰਘ, ਰਾਜਿੰਦਰ ਮਹਿਤਪੁਰ, ਕਰਮਜੀਤ ਸਿੰਘ ਸੋਨੂੰ,ਸੂਰਜ ਕੁਮਾਰ ਗੁਰਾਇਆ, ਗੋਪਾਲ ਸਿੰਘ ਰਾਵਤ,ਦਲਵੀਰ ਸਿੰਘ, ਪ੍ਰੇਮ ਖਲਵਾੜਾ, ਵੇਦ ਰਾਜ, ਰਤਨ ਸਿੰਘ ਗੁਰਾਇਆ, ਧਰਮਿੰਦਰ ਕੁਮਾਰ, ਸੁਖਦਿਆਲ, ਨਰੇਸ਼ ਨਾਹਰ, ਅਸ਼ੋਕ ਕੁਮਾਰ, ਸੁਖਵਿੰਦਰ ਰਾਮ, ਮਨੋਹਰ ਲਾਲ ਮਨੋਹਰ ਲਾਲ, ਹਰੀ ਰਾਮ, ਓਮ ਪ੍ਰਕਾਸ਼ ਵੀ ਹਾਜ਼ਰ ਸਨ।

# ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ ਗਿਆ

ਪੰਜਾਬ ਦਾ ਖੁਲਾਸਾ



**ਨਿਹਾਲ ਸਿੰਘ ਵਾਲਾ 17 ਨਵੰਬਰ (ਮਨਿੰਦਰ ਧਾਲੀਵਾਲ)**:-ਮੋਗਾ ਜ਼ਿਲ੍ਹੇ ਦੇ ਹਲਕਾ ਨਿਹਾਲ ਸਿੰਘ ਵਾਲਾ ਦੇ ਮਸ਼ਹੂਰ ਪਿੰਡ ਰਣਸੀਂਹ ਕਲਾਂ ਵਿਖੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਸ਼੍ਰੀ ਗੁਰੂ ਨਾਨਕ ਸਾਹਿਬ ਜੀ ਦੇ 555ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਪਹਿਲਾ ਨਗਰ ਕੀਰਤਨ ਗੁਰਦੁਆਰਾ ਸ਼੍ਰੀ ਟੋਭਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਸਜਾਇਆ ਗਿਆ ਜਿਸ ਵਿੱਚ ਪਿੰਡ ਰਣਸੀਂਹ ਕਲਾਂ ਦੀਆਂ ਸੰਗਤਾਂ ਨੇ ਭਰਪੂਰ ਸਹਿਯੋਗ ਦਿੱਤਾ। ਖਾਲਸਾਈ ਜਾਹੋਜਲਾਲ ਦੀਆਂ ਰੰਗਤਾਂ ਨਗਰ ਕੀਰਤਨ ਦੀ ਖੂਬਸੂਰਤੀ ਨੂੰ ਚਾਰ ਚੰਨ ਲਗਾ ਰਹੀਆਂ ਸਨ। ਨਗਰ ਕੀਰਤਨ ਗੁਰਦੁਆਰਾ ਸ੍ਰੀ ਟੋਭਾ ਸਾਹਿਬ ਤੋਂ ਹੁੰਦਾ ਹੋਇਆ ਵੱਖ ਵੱਖ ਪੜਾਅ ਤਹਿ ਕਰਦਾ ਹੋਇਆ ਵਾਪਸ ਗੁਰਦੁਆਰਾ ਟੋਭਾ ਸਾਹਿਬ ਵਿਖੇ ਸੰਪੂਰਨ ਹੋਇਆ। ਗੁਰਦੁਆਰਾ ਵਿਛੋੜਾ ਸਾਹਿਬ, ਪਿੰਡ ਦੀ ਵਿਚਕਾਰਲੀ ਸੱਥ, ਗੁਰਦੁਆਰਾ ਸ਼੍ਰੋਮਣੀ ਸ਼ਹੀਦ ਬਾਬਾ ਜੀਵਨ ਸਿੰਘ ਜੀ ਵਿਖੇ ਪੜਾਵਾਂ ਤੇ ਸੰਗਤਾਂ ਲਈ ਲੰਗਰ ਲਗਾਏ ਗਏ। ਸੁੰਦਰ ਪਾਲਕੀ ਵਿੱਚ ਸ਼ੁਸ਼ੋਭਿਤ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੰਗਤਾਂ ਸ਼ਰਧਾ ਨਾਲ ਨਤਮਸਤਕ ਹੋਈਆਂ। ਗੁਰਦੁਆਰਾ ਟੋਭਾ ਸਾਹਿਬ ਦੇ ਮੌਜੂਦਾ ਪ੍ਰਧਾਨ ਭਾਈ ਭੁਪਿੰਦਰ ਸਿੰਘ ਵੱਲੋਂ ਹਰ ਪੜਾਅ ਤੇ ਸੰਗਤਾਂ ਨੂੰ ਗੁਰੂ ਨਾਨਕ ਸਾਹਿਬ ਜੀ ਦਾ ਇਤਿਹਾਸ ਸੁਣਾਇਆ ਗਿਆ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੀ ਗੱਤਕਾ ਪਾਰਟੀ ਮੀਰੀ ਪੀਰੀ ਗੱਤਕਾ ਗਰੁੱਪ ਮੌੜ ਨਾਭਾ ਵੱਲੋਂ ਹਰੇਕ ਪੜਾਅ ਤੇ ਗੱਤਕੇ ਦੇ ਜੌਹਰ ਵਿਖਾਏ ਗਏ। ਕਵੀਸ਼ਰੀ ਜੱਥਾ ਭਾਈ ਗੁਰਤੇਜ ਸਿੰਘ ਰਾਹੀ ਬੱਧਨੀ ਕਲਾਂ ਵਾਲਿਆਂ ਵੱਲੋਂ ਗੁਰੂ ਨਾਨਕ ਸਾਹਿਬ ਦਾ ਗੁਰੂ ਜਸ ਸੰਗਤਾਂ ਨੂੰ ਸੁਣਾਇਆ ਗਿਆ। ਪਿੰਡ ਦੀਆਂ ਬੀਬੀਆਂ ਨੇ ਗੁਰੂ ਸਾਹਿਬ ਦੇ ਰਸਤੇ ਤੇ ਝਾੜੂ ਦੀ ਸੇਵਾ ਕੀਤੀ ਗਈ। ਜਿੱਥੇ ਨਗਰ ਕੀਰਤਨ ਦੀ ਸ਼ੋਭਾ ਦਾ ਕੋਈ ਅੰਤ ਨਹੀਂ ਸੀ ਓਥੇ ਹੀ ਹੁੱਲੜਬਾਜ਼ ਕਿਸਮ ਦੇ ਲੋਕਾਂ ਨੇ ਪਟਾਕੇ ਚਲਾ-ਚਲਾ ਕੇ ਖੂਬ ਵਾਤਾਵਰਣ ਨੂੰ ਗੰਧਲਾ ਕੀਤਾ।

ਜ਼ਿਕਰਯੋਗ ਹੈ ਕਿ ਪ੍ਰਬੰਧਕਾਂ ਦੇ ਲੱਖ ਮਨ੍ਹਾ ਕਰਨ 'ਤੇ ਵੀ ਪੋਟਾਸ਼ ਅਤੇ ਪਟਾਕੇ ਚਲਾਉਣ ਵਾਲ਼ੇ ਹੁੱਲੜਬਾਜ਼ ਬਾਜ ਨਹੀਂ ਆਏ ਅਤੇ ਪਟਾਕੇ ਚਲਾ-ਚਲਾ ਕੇ ਸੰਗਤਾਂ ਨੂੰ ਪ੍ਰੇਸ਼ਾਨ ਕਰਦੇ ਰਹੇ। ਘੱਟੋ-ਘੱਟ ਵੀਹ ਤੋਂ ਵੱਧ ਨਾਬਾਲਗ ਬੱਚਿਆਂ ਕੋਲ ਖਤਰਨਾਕ ਕੈਮੀਕਲ ਪੋਟਾਸ਼ ਵਾਲੇ ਡੱਬੇ ਅਤੇ ਲੋਹੇ ਦੀਆਂ ਨਾਲੀਆਂ ਸਨ। ਸਿੱਟੇ ਵਜੋਂ ਗੁਰੂ ਨਾਨਕ ਸਾਹਿਬ ਦੇ ਉਪਦੇਸ਼ਾਂ ਦੀ ਉਲੰਘਣਾ ਹੁੱਲੜਬਾਜ਼ ਕਰਦੇ ਰਹੇ ਅਤੇ ਪ੍ਰਬੰਧਕ ਬੇਬੱਸ ਹੀ ਪ੍ਰਤੀਤ ਹੋਏ।

ਮੁਦਰਕ, ਪ੍ਰਕਾਸ਼ਕ ਅਤੇ ਸਵਾਮੀ ਮਨਪ੍ਰੀਤ ਸਿੰਘ ਨੇ ਪੰਜਮਨਾ ਆਰਟ ਪ੍ਰੈਸ, ਨੇੜੇ ਪੀ.ਐਨ.ਬੀ. ਬੈਂਕ, ਅਬੋਹਰ ਰੋਡ, ਸ੍ਰੀ ਮੁਕਤਸਰ ਸਾਹਿਬ ਤੋਂ ਛਪਵਾ ਕੇ ਪੰਜਾਬ ਦਾ ਖੁਲਾਸਾ ਦਫਤਰ, ਹਾਊਸ ਨੰਬਰ 236/3, ਨਾਕਾ ਨੰ.2 ਦਰਬਾਰ ਸਾਹਿਬ, ਸ੍ਰੀ ਮੁਕਤਸਰ ਸਾਹਿਬ ਤੋਂ ਪ੍ਰਕਾਸ਼ਿਤ ਕੀਤਾ। ਸੰਪਾਦਕ ਮਨਪ੍ਰੀਤ ਸਿੰਘ
Owner, Publisher & Printer Manpreet Singh Printed at Panjmana Art Press Near PNB Bank, Abohar Road Sri Muktsar Sahib Published from House No 236/3 Naka No 2, Darbar Sahib Sri Muktsar Sahib. Editor Manpreet Singh

# ਸੰਤ ਸੀਚੇਵਾਲ ਵੱਲੋਂ ਲੋਕ ਗਾਇਕ ਬਲਵੀਰ ਸ਼ੇਰਪੁਰੀ ਦੇ ਨਵੇਂ ਟਰੈਕ ਕੁਦਰਤ ਦੇ ਕਾਤਲ ਦਾ ਪੋਸਟਰ ਜਾਰੀ

ਪੰਜਾਬ ਦਾ ਖੁਲਾਸਾ

**ਕਪੂਰਥਲਾ, 17 ਨਵੰਬਰ (ਕੌੜਾ)**-ਨਿਰਮਲ ਕੁਟੀਆ ਸੁਲਤਾਨਪੁਰ ਲੋਧੀ ਵਿਖੇ ਗੁਰੂ ਨਾਨਕ ਦੇਵ ਜੀ ਦੇ 555 ਵੇ ਪ੍ਰਕਾਸ਼ ਪੁਰਬ ਮੌਕੇ ਉੱਘੇ ਵਾਤਾਵਰਨ ਪ੍ਰੇਮੀ ਪਦਮਸ਼੍ਰੀ ਸੰਤ ਬਲਬੀਰ ਸਿੰਘ ਸੀਚੇਵਾਲ ਅਤੇ ਰਾਜ ਸਭਾ ਮੈਂਬਰ ਵੱਲੋਂ ਪ੍ਰਸਿੱਧ ਲੋਕ ਗਾਇਕ ਬਲਵੀਰ ਸ਼ੇਰਪੁਰੀ ਦੇ ਨਵੇਂ ਟਰੈਕ 'ਕੁਦਰਤ ਦੇ ਕਾਤਲ" ਨੂੰ ਲੋਕ ਅਰਪਣ ਕੀਤਾ ਗਿਆ। ਜਿਸ ਵਿੱਚ ਲੋਕ ਗਾਇਕ ਬਲਵੀਰ ਸ਼ੇਰਪੁਰੀ ਨੇ ਵਾਤਾਵਰਨ ਅਤੇ ਮਨੁੱਖਤਾ ਨੂੰ ਬਚਾਉਣ ਦੀ ਚਿੰਤਾ ਅਤੇ ਕੋਸ਼ਿਸ਼ ਨੂੰ ਨਿਰੰਤਰ ਜਾਰੀ ਰੱਖਦਿਆਂ ਹੋਇਆਂ ਇਹ ਟਰੈਕ ਬਹੁਤ ਹੀ ਕਾਬਲੇ ਤਾਰੀਫ਼ ਲਿਖਿਆ ਹੈ ਅਤੇ ਆਪਨੀ ਬੁਲੰਦ ਅਤੇ ਸੁਰੀਲੀ ਆਵਾਜ਼ ਵਿੱਚ ਗਾਕੇ ਸਮਾਜ ਨੂੰ ਮਹੱਤਵਪੂਰਨ ਸੁਨੇਹਾ ਦਿੱਤਾ ਹੈ। ਡਾ ਕੁਲਵੰਤ ਸਿੰਘ ਧਾਲੀਵਾਲ ਦੀ ਪੇਸ਼ਕਸ਼ ਅਤੇ (ਵਰਲਡ ਕੈਂਸਰ ਕੇਅਰ )ਦੇ ਬੈਨਰ ਹੇਠ ਇਹ ਨਵਾਂ ਟਰੈਕ 'ਕੁਦਰਤ ਦੇ ਕਾਤਲ" ਯੂ ਟਿਊਬ ਸੋਸ਼ਲ ਮੀਡੀਆ ਤੇ ਰਿਲੀਜ਼ ਹੋ ਚੁੱਕਾ ਹੈ। ਜਿਸ ਨੂੰ ਹਰੇਕ ਵਰਗ ਵਲੋਂ ਮਣਾ ਮੂਹੀਂ ਪਿਆਰ ਮਿਲ ਰਿਹਾ ਹੈ।ਇਸ ਟਰੈਕ ਦਾ ਮਿਊਜ਼ਿਕ ਪ੍ਰਸਿੱਧ ਸੰਗੀਤਕਾਰ ਹਰੀ ਅਮਿਤ ਨੇ ਤਿਆਰ ਕੀਤਾ ਹੈ ਅਤੇ ਕੈਮਰਾਮੈਨ ਮਨੀਸ਼ ਅੰਗੂਰਾਲ ਨੇ ਸ਼ੂਟ ਕੀਤਾ ਹੈ। ਵੀਡੀਓ ਐਡੀਟਰ ਕੁਲਦੀਪ ਸਿੰਘ ਵੱਲੋਂ ਤਿਆਰ ਕੀਤਾ ਗਿਆ ਹੈ। ਇਸ ਮੌਕੇ ਉਨ੍ਹਾਂ ਨਾਲ ਮੋਤਾ ਸਿੰਘ ਸਰਾਏ ਪੰਜਾਬੀ ਸੱਥ ਯੂ ਕੇ, ਪ੍ਰਿੰਸੀਪਲ ਕੁਲਵਿੰਦਰ ਸਿੰਘ ਸਰਾਏ,ਡਾ ਸਵਰਨ ਸਿੰਘ ਪ੍ਰਧਾਨ ਸਾਹਿਤ ਸਭਾ, ਮੁਖਤਿਆਰ ਸਿੰਘ ਚੰਦੀ, ਰਣਜੀਤ ਸਿੰਘ ਰਾਣਾ ਐਡਵੋਕੇਟ,ਉੱਘੇ ਚਿੰਤਨ ਰੌਸ਼ਨ ਖੈੜਾ,ਡਾ ਆਸਾ ਸਿੰਘ ਘੁੰਮਣ,ਉੱਘੇ ਲੇਖਕ ਤੇ ਸਿੱਖ ਚਿੰਤਕ ਡਾ ਪਰਮਜੀਤ ਸਿੰਘ ਮਾਨਸਾ,ਡਾ ਜਸਵਿੰਦਰ ਕੌਰ, ਸਾਧੂ ਸਿੰਘ, ਅਮਰੀਕ ਸਿੰਘ ਸਤਾਬਗੜ, ਸੰਤ ਸੁਖਜੀਤ ਸਿੰਘ, ਉੱਘੇ ਪੱਤਰਕਾਰ ਪਰਮਜੀਤ ਡਡਵਿੰਡੀ, ਉੱਘੇ ਲੇਖਕ ਬਲਬੀਰ ਸਿੰਘ ਸੰਧਾ ਡਡਵਿੰਡੀ, ਹਰਨੇਕ ਸਿੰਘ ਬਾਵਾ, ਪ੍ਰੋਫੈਸਰ ਉਪਕਾਰ ਸਿੰਘ, ਬਲਵਿੰਦਰ ਸਿੰਘ ਅਜ਼ਾਦ ਯੂ ਕੇ ਅਤੇ ਗੁਰਮੇਲ ਜੈਨਪਰੀ ਆਦਿ ਹੋਰ ਵੀ ਕਈ ਸ਼ਖ਼ਸੀਅਤਾਂ ਹਾਜ਼ਿਰ ਸਨ।




# ਇਨਸਾਨਾਂ ਲਈ ਪਿਆਰ ਹੀ ਰੱਬ ਦਾ ਪਿਆਰ ਹੈ - ਨਿਰੰਕਾਰੀ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ

ਪੰਜਾਬ ਦਾ ਖੁਲਾਸਾ

ਜੈਤੋਂ, 17 ਨਵੰਬਰ(ਰਘੂਨੰਦਨ ਪਰਾਸ਼ਰ/ਗੁਰਦੀਪ ਸਿੰਘ ਢਿੱਲੋਂ ): 77ਵੇਂ ਸਾਲਾਨਾ ਨਿਰੰਕਾਰੀ ਸੰਤ ਸਮਾਗਮ ਦਾ ਵਿਸ਼ਾਲ ਸਮਾਗਮ ਸੰਤ ਨਿਰੰਕਾਰੀ ਅਧਿਆਤਮਿਕ ਅਸਥਾਨ ਸਮਾਲਖਾ (ਹਰਿਆਣਾ) ਵਿਖੇ ਬੜੀ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ, ਜਿਸ ਵਿਚ ਲੱਖਾਂ ਦੀ ਗਿਣਤੀ ਵਿਚ ਸ਼ਰਧਾਲੂ ਭਾਗ ਲੈ ਕੇ ਸੁਖਦ ਆਨੰਦ ਦਾ ਇਲਾਹੀ ਆਨੰਦ ਪ੍ਰਾਪਤ ਕਰ ਰਹੇ ਹਨ। ਸਮਾਲਖਾ ਦੇ ਵਿਸ਼ਾਲ ਮੈਦਾਨਾਂ ਵਿੱਚ ਸ਼ਨੀਵਾਰ ਦੀ ਰਾਤ ਨੂੰ ਸ਼ੁਭ ਉਪਦੇਸ਼ ਦੀ ਅੰਮ੍ਰਿਤ ਵਰਖਾ ਕਰਦੇ ਹੋਏ ਸਤਿਗੁਰੂ ਮਾਤਾ ਜੀ ਨੇ ਆਪਣੇ ਇਲਾਹੀ ਸੰਦੇਸ਼ ਵਿੱਚ ਕਿਹਾ ਕਿ ਸੰਸਾਰ ਵਿੱਚ ਵਿਚਰਣ ਕਰਦੇ ਹੋਏ ਜਦੋਂ ਅਸੀਂ ਆਪਣੇ ਸੀਮਿਤ ਦਾਇਰੇ ਤੋਂ ਸੋਚਦੇ ਹਾਂ, ਤਾਂ ਅਸੀਂ ਸਿਰਫ ਕੁਝ ਲੋਕਾਂ ਦੇ ਸਾਹਮਣੇ ਆ ਸਕਦੇ ਹਾਂ, ਪਰ ਜਦੋਂ ਅਸੀਂ ਬ੍ਰਹਮ ਗਿਆਨ ਦੇ ਬ੍ਰਹਮ ਪ੍ਰਕਾਸ਼ ਦੁਆਰਾ ਇਸ ਪਰਮ ਪਿਤਾ ਪਰਮ ਆਤਮਾ ਨਾਲ ਜੁੜਦੇ ਹਾਂ, ਤਾਂ ਅਸੀਂ ਸੱਚੇ ਅਰਥਾਂ ਵਿੱਚ ਸਾਰਿਆਂ ਨੂੰ ਪਿਆਰ ਕਰਨ ਲੱਗਦੇ ਹਾਂ। ਇਹ ਪ੍ਰੇਮ-ਭਗਤੀ ਪਰਮਾਤਮਾ ਨੂੰ ਪ੍ਰਾਪਤ ਕਰਨ ਦਾ ਸਭ ਤੋਂ ਆਸਾਨ ਤਰੀਕਾ ਹੈ।ਭਗਤੀ ਦੀ ਪਰਿਭਾਸ਼ਾ ਨੂੰ ਨਵਾਂ ਦ੍ਰਿਸ਼ਟੀਕੋਣ ਦਿੰਦਿਆਂ ਸਤਿਗੁਰੂ ਮਾਤਾ ਜੀ ਨੇ ਕਿਹਾ ਕਿ ਜੇਕਰ ਜੀਵਨ ਦੇ ਹਰ ਪਲ ਨੂੰ ਭਗਤੀ ਵਿੱਚ ਬਦਲ ਲਿਆ ਜਾਵੇ ਤਾਂ ਭਗਤੀ ਲਈ ਸਮਾਂ ਕੱਢਣ ਦੀ ਲੋੜ ਨਹੀਂ ਹੈ। ਜਦੋਂ ਇਹ ਵਿਚਾਰਧਾਰਾ ਵਿਆਪਕ ਹੋ ਜਾਂਦੀ ਹੈ, ਤਾਂ ਇਹ ਹਰ ਕਿਸੇ ਪ੍ਰਤੀ ਨਿਰਸਵਾਰਥ ਸੇਵਾ ਅਤੇ ਪਿਆਰ ਦੀ ਭਾਵਨਾ ਨੂੰ ਜਗਾਉਂਦੀ ਹੈ। ਸਤਿਗੁਰੂ ਮਾਤਾ ਜੀ ਨੇ ਸੰਤਾਂ ਦੀ ਸੰਗਤ ਅਤੇ ਸਿਮਰਨ ਨੂੰ ਆਤਮਾ ਦੀ ਗਹਿਰਾਈ ਨਾਲ ਜੁੜਨ ਦਾ ਸਰਲ ਸਾਧਨ ਦੱਸਿਆ ਹੈ।

ਉਦਾਹਰਣ ਵਜੋਂ, ਸਤਿਗੁਰੂ ਮਾਤਾ ਜੀ ਨੇ ਸਮੁੰਦਰ ਦੀ ਡੂੰਘਾਈ ਅਤੇ ਸ਼ਾਂਤੀ ਨੂੰ ਸਹਿਣਸ਼ੀਲਤਾ ਅਤੇ ਨਿਮਰਤਾ ਦਾ ਸੁੰਦਰ ਪ੍ਰਤੀਕ ਦੱਸਿਆ ਹੈ। ਜਿਵੇਂ ਸਮੁੰਦਰ ਆਪਣੇ ਅੰਦਰ ਸਭ ਕੁਝ ਰੱਖਦਾ ਹੈ ਪਰ ਸ਼ਾਂਤ ਅਵਸਥਾ ਵਿੱਚ ਰਹਿੰਦਾ ਹੈ, ਉਸੇ ਤਰ੍ਹਾਂ ਮਨੁੱਖ ਨੂੰ ਵੀ ਆਪਣੇ ਅੰਦਰ ਸਹਿਣਸ਼ੀਲਤਾ ਅਤੇ ਵਿਸ਼ਾਲਤਾ ਪੈਦਾ ਕਰਨੀ ਚਾਹੀਦੀ ਹੈ।

ਸੇਵਾਦਲ ਦੀ ਰੈਲੀ

ਸੰਤ ਸਮਾਗਮ ਦਾ ਦੂਸਰਾ ਦਿਨ ਸੇਵਾ ਦਲ ਦੀ ਰੈਲੀ ਨੂੰ ਸਮਰਪਿਤ ਹੈ ਜੋ ਕਿ ਵਿਸ਼ਾਲ ਪੱਧਰ 'ਤੇ ਆਯੋਜਿਤ ਕੀਤੀ ਗਈ ਸੀ। ਇਸ ਆਕਰਸ਼ਕ ਰੈਲੀ ਵਿੱਚ ਦੇਸ਼-ਵਿਦੇਸ਼ ਅਤੇ ਦੂਰ-ਦੁਰਾਡੇ ਤੋਂ ਸੇਵਾ ਦਲ ਦੇ ਵੀਰਾਂ-ਭੈਣਾਂ ਨੇ ਸ਼ਮੂਲੀਅਤ ਕੀਤੀ ਅਤੇ ਮਿਸ਼ਨ ਦੀਆਂ ਸਿੱਖਿਆਵਾਂ ਅਤੇ ਅਧਿਆਤਮਿਕਤਾ 'ਤੇ ਆਧਾਰਿਤ ਲਘੂ ਨਾਟਕ ਪੇਸ਼ ਕੀਤਾ ਗਿਆ। ਇਸ ਮੌਕੇ ਮੁੱਖ ਤੌਰ 'ਤੇ ਸਰੀਰਕ ਕਸਰਤ, ਖੇਡਾਂ ਅਤੇ ਵੱਖ-ਵੱਖ ਸੱਭਿਆਚਾਰਕ ਪ੍ਰੋਗਰਾਮਾਂ ਦੀ ਪੇਸ਼ਕਾਰੀ ਰਾਹੀਂ ਨਿਰਸਵਾਰਥ ਸੇਵਾ ਦੀ ਭਾਵਨਾ ਦਾ ਪ੍ਰਗਟਾਵਾ ਕੀਤਾ ਗਿਆ ?

ਸੇਵਾ ਦਲ ਦੀ ਰੈਲੀ ਵਿੱਚ ਹਾਜ਼ਰ ਸੰਗਤਾਂ ਨੂੰ ਸੇਵਾ, ਸਮਰਪਣ ਅਤੇ ਨਿਮਰਤਾ ਦਾ ਇਲਾਹੀ ਸੰਦੇਸ਼ ਦਿੰਦੇ ਹੋਏ ਸਤਿਗੁਰੂ ਮਾਤਾ ਜੀ ਨੇ ਕਿਹਾ ਕਿ ਸੇਵਾ ਦੀ ਭਾਵਨਾ ਕੇਵਲ ਪਵਿੱਤਰ ਹੀ ਨਹੀਂ ਸਗੋਂ ਜੀਵਨ ਦੇ ਹਰ ਖੇਤਰ ਵਿੱਚ ਸੰਤੁਲਨ ਅਤੇ ਅਨੁਸ਼ਾਸਨ ਦਾ ਸੁੰਦਰ ਪ੍ਰਤੀਕ ਹੈ। . ਆਪ ਨੇ ਸਮਝਾਇਆ ਕਿ ਸੇਵਾ ਦਲ ਦੀ ਵਰਦੀ ਨੂੰ ਕੇਵਲ ਬਾਹਰੀ ਢੱਕਣ ਸਮਝਣ ਦੀ ਬਜਾਏ ਇਸ ਨੂੰ ਅੰਦਰਲੀ ਹਉਮੈ ਨੂੰ ਮਿਟਾਉਣ ਅਤੇ ਸੇਵਾ ਭਾਵਨਾ ਨੂੰ ਜਗਾਉਣ ਦਾ ਮਾਧਿਅਮ ਸਮਝਣਾ ਚਾਹੀਦਾ ਹੈ। ਸੇਵਾ ਦਲ ਦੇ ਮੈਂਬਰ ਆਪਣੀ ਡਿਊਟੀ ਨਿਭਾਉਣ ਦੇ ਨਾਲ-ਨਾਲ ਪਰਿਵਾਰਕ ਜ਼ਿੰਮੇਵਾਰੀਆਂ ਨੂੰ ਸੰਤੁਲਿਤ ਕਰਦੇ ਹੋਏ ਸੇਵਾ ਵੀ ਕਰਦੇ ਹਨ। ਇਹ ਤਾਲਮੇਲ ਇੱਕ ਆਦਰਸ਼ ਜੀਵਨ ਦੀ ਉੱਤਮ ਉਦਾਹਰਣ ਹੈ।

ਸੇਵਾ ਦਲ ਰੈਲੀ ਦੌਰਾਨ ਪੇਸ਼ ਕੀਤੇ ਗਏ ਨਾਟਕਾਂ ਅਤੇ ਸੰਦੇਸ਼ਾਂ ਨੇ ਦਰਸਾ ਦਿੱਤਾ ਕਿ ਸੇਵਾ ਕੇਵਲ ਇੱਕ ਕੰਮ ਨਹੀਂ ਹੈ ਬਲਕਿ ਇਹ ਇੱਕ ਇਲਾਹੀ ਭਾਵਨਾ ਹੈ ਜੋ ਸਾਡੇ ਆਚਰਣ ਅਤੇ ਸਰੀਰ ਦੀ ਭਾਸ਼ਾ ਵਿੱਚ ਝਲਕਣੀ ਚਾਹੀਦੀ ਹੈ। ਅੰਤ ਵਿੱਚ ਸਤਿਗੁਰੂ ਮਾਤਾ ਜੀ ਨੇ ਅਸ਼ੀਰਵਾਦ ਦਿੰਦਿਆਂ ਕਿਹਾ ਕਿ ਸੇਵਾ, ਸਿਮਰਨ ਅਤੇ ਸਤਿਸੰਗ ਦੀ ਭਾਵਨਾ ਹਰ ਇੱਕ ਮੈਂਬਰ ਵਿੱਚ ਵਧਦੀ ਰਹੇ ਅਤੇ ਉਹ ਨਿਰੰਕਾਰ ਨੂੰ ਆਪਣਾ ਜੀਵਨ ਸਮਰਪਿਤ ਕਰਕੇ ਸਮਾਜ ਵਿੱਚ ਮਿਸਾਲੀ ਯੋਗਦਾਨ ਪਾਉਣ।



# ਸ਼ੇਰੇ-ਏ-ਪੰਜਾਬ ਕਿਸਾਨ ਯੂਨੀਅਨ ਵੱਲੋਂ ਖਨੌਰੀ ਬਾਰਡਰ ਗੁਰਪੁਰਬ ਤੇ ਬਾਬਾ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਨ ਤੇ ਪਾਏ ਅਖੰਡ ਪਾਠਾਂ ਦੇ ਭੋਗ

ਪੰਜਾਬ ਦਾ ਖੁਲਾਸਾ

**ਨਿਹਾਲ ਸਿੰਘ ਵਾਲਾ 17 ਨਵੰਬਰ (ਮਨਿੰਦਰ ਧਾਲੀਵਾਲ )** ਸ਼ੇਰੇ ਪੰਜਾਬ ਕਿਸਾਨ ਯੂਨੀਅਨ ਵੱਲੋਂ ਖਨੌਰੀ ਬਾਰਡਰ ਤੇ ਗੁਰਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ ਜਨਮ ਜਨਮ ਉੱਤੇ 15 ਨਵੰਬਰ ਨੂੰ ਅਖੰਡ ਪਾਠ ਸਾਹਿਬ ਪ੍ਰਕਾਸ਼ ਕਰਾਏ ਗਏ ਸਨ 17 ਨਵੰਬਰ ਦਿਨ ਐਤਵਾਰ ਨੂੰ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਕੀਰਤਨ ਦਰਬਾਰ ਸਜਾਏ ਗਏ ਉਪਰੰਤ ਅਤੁੱਟ ਲੰਗਰ ਵਰਤਾਏ ਗਏ । ਸੰਯੁਕਤ ਮੋਰਚਾ ਗੈਰ ਰਾਜਨੀਤਿਕ ਵੱਲੋਂ ਫੈਸਲਾ ਲਿਆ ਗਿਆ ਕਿ ਕਿਸਾਨਾਂ ਦੀਆਂ ਮੰਗਾਂ ਨੂੰ ਲੈ ਕੇ ਜਗਜੀਤ ਸਿੰਘ ਡੱਲੇਵਾਲ ਖਨੌਰੀ ਵਿਖੇ ਮਰਨ ਵਰਤ ਤੇ ਬੈਠਣਗੇ ਅਤੇ ਜਿੰਨਾ ਚਿਰ ਸਰਕਾਰ ਕਿਸਾਨਾਂ ਦੀਆਂ ਮੰਗਾਂ ਨਹੀਂ ਮੰਨਦੀ ਉਹ ਭੁੱਖ ਹੜਤਾਲ ਰੱਖਣਗੇ। ਸ਼ੇਰੇ ਪੰਜਾਬ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਗੁਰਿੰਦਰ ਸਿੰਘ ਭੰਗੂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਾਡੇ ਜ਼ਿਲ੍ਹਿਆਂ ਦੇ ਪ੍ਰਧਾਨਾਂ ਨੂੰ ਬੇਨਤੀ ਹੈ ਕਿ ਪੰਜਾਬ ਦੀਆਂ ਸਾਰੇ ਜ਼ਿਲ੍ਹਿਆਂ ਵਿੱਚ ਜੋਤ ਯੂਥ ਨੂੰ ਅਵੇਅਰ ਕਰਕੇ ਕਿਸਾਨਾਂ ਨਾਲ ਖੜਨ ਦੀ ਬੇਨਤੀ ਕਰਕੇ ਵੱਧ ਤੋਂ ਵੱਧ ਟਰੈਕਟਰ ਟਰਾਲੀਆਂ 26 ਨਵੰਬਰ ਤੋਂ ਪਹਿਲਾਂ ਪਹਿਲਾਂ ਸ਼ੰਭੂ ਬਾਰਡਰ ਖਨੌਰੀ ਬਾਰਡਰ ਤੇ ਪਹੁੰਚਣੀਆਂ ਚਾਹੀਦੀਆਂ ਹਨ ਤਾਂ ਕਿ ਸਰਕਾਰ ਨੂੰ ਪਤਾ ਲੱਗੇ ਕਿ ਸਰਕਾਰ ਦੀਆਂ ਗਲਤ ਨੀਤੀਆਂ ਦਾ ਲੋਕਾਂ ਨੂੰ ਪਤਾ ਲੱਗ ਚੁੱਕਾ ਹੈ ਜਿਵੇਂ ਕਿ ਝੋਨੇ ਦੀ ਖਰੀਦ ਦੇ ਵਿੱਚ ਕਿਸਾਨਾਂ ਨੂੰ ਬਹੁਤ ਜਿਆਦਾ ਮੁਸ਼ਕਿਲ ਦਾ ਸਾਹਮਣਾ ਕਰਨਾ ਪਿਆ ਜੋ ਕਿ ਹਜੇ ਵੀ ਅੱਧ ਪਚੱਦ ਝੋਨਾ ਮੰਡੀਆਂ ਵਿੱਚ ਪਿਆ ਹੈ ਲਿਫਟਿੰਗ ਦਾ ਵੀ ਬਹੁਤ ਬੁਰਾ ਹਾਲ ਹੈ। ਮੰਡੀਆਂ ਵਿੱਚ ਪੀ ਆਰ126 ਅਤੇ ਹੋਰ ਹਾਈਬ੍ਰਿਡ ਵਰਾਇਟੀਆਂ ਦੇ ਨਾਮ ਤੇ ਕਿਸਾਨਾਂ ਦੀ ਆੜਤੀਆਂ ਵੱਲੋਂ ਅਤੇ ਸ਼ੈਲਰਾਂ ਵਾਲਿਆਂ ਵੱਲੋਂ ਅ ?ਨੀ ਲੁੱਟ ਕੀਤੀ ਗਈ । ਇੱਕ ਅਕਤੂਬਰ ਤੋਂ ਖਰੀਦ ਸ਼ੁਰੂ ਹੋਈ ਤਾਂ 20 ਤੋਂ 25 ਦਿਨ ਤੱਕ ਕੋਈ ਅਫਸਰ ਕਿਸੇ ਏਜੰਸੀ ਦਾ ਜਾਂ ਕਿਸੇ ਮਾਰਕੀਟ ਕਮੇਟੀ ਦਾ ਅਧਿਕਾਰੀ ਮੰਡੀਆਂ ਵਿੱਚ ਨਹੀਂ ਆਇਆ ਜਿਸ ਦਾ ਕਿ ਫਾਇਦਾ ਸਿੱਧਾ ਆੜਤੀਆਂ ਨੂੰ ਅਤੇ ਸ਼ੈਲਰਾਂ ਵਾਲਾ ਨੂੰ ਹੋਇਆ। ਉਹਨਾਂ ਨੇ ਕਿਸਾਨਾਂ ਦੇ ਪੀਆਰ 126 ਅਤੇ ਹੋਰ ਹਾਈਬ੍ਰਿਡ ਵਰਾਈਟੀਆਂ ਦੇ ਭਾ ਲੱਗਣ ਤੋਂ ਬਗੈਰ ਹੀ ਗੱਟੂ ਭਰ ਕੇ ਅੰਦਰ ਰੱਖ ਲਏ ਅਤੇ ਜਦੋਂ 20- 25 ਦਿਨ ਵਿੱਚ ਭਾ ਲੱਗਣ ਲੱਗੇ ਤਾਂ ਉਹਨਾਂ ਨੇ ਉਹ ਕੱਚੀਆਂ ਪਰਚੀਆਂ ਵਾਲੇ ਗੱਟੂ ਕੱਟ ਲਾ ਕੇ ਪੱਕੀਆਂ ਪਰਚੀਆਂ ਕਿਸਾਨਾਂ ਨੂੰ ਦਿੱਤੀਆਂ ਗਈਆਂ ,ਇਹ ਇੱਕ ਬਹੁਤ ਵੱਡੀ ਤ੍ਰਾਸਦੀ ਰਹੀ ਹੈ ਕਿ ਇੱਕ ਕਿਸਾਨ ਛੇ ਮਹੀਨੇ ਆਪਦੇ ਖੇਤਾਂ ਵਿੱਚ ਰੁਲ ਕੇ ਫਸਲ ਤਿਆਰ ਕਰਦਾ ਹੈ ਅਤੇ ਫਸਲ ਵੇਚਣ ਵੇਲੇ ਉਹਦੀ ਤ੍ਰਾਸਦੀ ਰਹੀ ਹੈ ਕਿ ਉਹਨਾਂ ਨੂੰ ਕਿਸਾਨਾਂ ਨੂੰ ਸੜਕਾਂ ਤੇ ਆਉਣਾ ਪੈਂਦਾ ਅਤੇ ਉਹਨੂੰ ਬਾਜਵ ਮੁੱਲ ਨਹੀਂ ਮਿਲਦਾ ਇਸੇ ਕਰਕੇ ਹੀ ਪੰਜਾਬ ਦਾ ਕਿਸਾਨ ਬਿਲਕੁਲ ਤਬਾਹੀ ਕੰਢੇ ਤੇ ਪਹੁੰਚ ਗਿਆ ਹੈ । ਉਹਨਾਂ ਸਰਕਾਰ ਤੋਂ ਮੰਗ ਕੀਤੀ ਹੈ ਕਿ ਸਾਡੀਆਂ ਤੁਰੰਤ ਮੰਗਾਂ ਮੰਨੀਆਂ ਜਾਣ । ਮੋਗਾ ਤੋਂ ਜਿਲ੍ਹਾ ਪ੍ਰਧਾਨ ਸਰਦਾਰ ਆਤਮਾ ਸਿੰਘ ਧੂਰਕੋਟ ਰਣਸੀਂਹ ਕਲ੍ਹਾਂ ਅਤੇ ਉਸ ਦੀ ਟੀਮ ਉਚੇਚੇ ਤੌਰ ਤੇ ਖਨੌਰੀ ਬਾਰਡਰ ਪਹੁੰਚੀ ।





# ਪਿੰਡ ਵਰਿਆਮ ਖੇੜਾ ਦੀ ਢਾਣੀ 'ਚ ਮੱਝ ਚੋਰੀ ਦੀ ਹੋਈ ਵਾਰਦਾਤ

ਪੰਜਾਬ ਦਾ ਖੁਲਾਸਾ

**ਪੱਟੀ ਸਦੀਕ 16 ਨਵੰਬਰ (ਬਲਕਰਨ ਸਿੰਘ ਮਸ਼ਾਲ)**- ਬੀਤੇ ਦਿਨੀਂ ਪਿੰਡ ਵਰਿਆਮ ਖੇੜਾ ਦੀ ਢਾਣੀ 'ਚ ਮੱਝ ਚੋਰੀ ਦੀ ਵਾਰਦਾਤ ਹੋਈ। ਛਪਿੰਦਰ ਸਿੰਘ ਮਾਨ ਸਪੁੱਤਰ ਜਗਜੀਤ ਸਿੰਘ ਮਾਨ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 9 ਨਵੰਬਰ ਨੂੰ ਚੋਰਾਂ ਨੇ ਦੇਰ ਰਾਤ 2 ਵਜ਼ੇ ਦੇ ਕਰੀਬ ਜ਼ਿੰਦਰੇ ਤੋੜ ਉਨ੍ਹਾਂ ਦੀ ਮੱਝ ਚੋਰੀ ਕਰਕੇ ਖੇਤਾਂ ਰਾਹੀਂ ਹਾਕਮਾਬਾਦ ਵਾਲੀ ਸੜਕ ਦੇ ਕੋਲ ਜਾ ਕੇ ਪੀਕੱਪ ਗੱਡੀ ਵਿੱਚ ਚੜਾਈ ਹੈ। ਤੇ ਉਨ੍ਹਾਂ ਕਿਹਾ ਕਿ ਪੈਟਰੋਲ ਪੰਪ ਦੇ ਕੋਲ ਗੱਡੀ ਦੀਆਂ ਫੋਟੋਆਂ ਵੀ ਮਿਲੀਆਂ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਪੱਟੀ ਸਦੀਕ ਚੌਂਕੀ 'ਚ ਦਰਖ਼ਾਸਤ ਵੀ ਲਗਾਈ ਗਈ ਹੈ। ਉਨ੍ਹਾਂ ਪ੍ਰਸ਼ਾਸਨ ਕੋਲੋਂ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਸਾਡੀ ਮੱਝ ਦੀ ਕੀਮਤ ਲਗਭਗ 2 ਲੱਖ ਦੇ ਕਰੀਬ ਸੀ ਮੱਝ ਦੀ ਬਣਤਰ ਕਾਲੇ ਰੰਗ ਦੀ, ਸਿੰਗ ਕੁੰਡੇ, ਮੂਰਾ ਨਸਲ ਦੀ ਮੱਝ, ਪੂਛ ਚਿੱਟੀ ਕੱਦ ਨੋਰਮਲ ਸੀ। ਜੇਕਰ ਕਿਸੇ ਵਿਅਕਤੀ ਨੂੰ ਦੇਖਣ ਵਿੱਚ ਆਉਂਦੀ ਹੈ ਤਾਂ ਓ ਨੰਬਰ ਤੇ 9815894388 ਦੱਸਣ ਦੀ ਕ੍ਰਿਪਾ ਕਿਰਪਾਲਤਾ ਕਰਨ। ਦੱਸਣ ਵਾਲੇ ਨੂੰ ਮੂੰਹ ਮੰਗਿਆ ਇਨਾਮ ਵੀ ਦਿੱਤਾ ਜਾਵੇਗਾ।

# ਭਾਜਪਾ ਜ਼ਿਲ੍ਹਾ ਰੂਪਨਗਰ ਦੇ ਪ੍ਰਧਾਨ ਅਜੈਵੀਰ ਸਿੰਘ ਲਾਲਪੁਰਾ ਨੇ ਸਰਕਲ ਕੋਟ ਫਤੂਹੀ ਦੇ ਪਿੰਡਾਂ ਵਿੱਚ ਚੋਣ ਪ੍ਰਚਾਰ ਕੀਤਾ

ਪੰਜਾਬ ਦਾ ਖੁਲਾਸਾ

**ਕੋਟ ਫਤੂਹੀ, 17 ਨਵੰਬਰ (ਪੱਤਰ ਪ੍ਰੇਰਕ )**- ਭਾਜਪਾ ਜ਼ਿਲ੍ਹਾ ਰੂਪਨਗਰ ਦੇ ਪ੍ਰਧਾਨ ਸਰਦਾਰ ਅਜੈਵੀਰ ਸਿੰਘ ਲਾਲਪੁਰਾ ਨੇ ਅੱਜ ਹਲਕਾ ਚੱਬੇਵਾਲ ਦੇ ਭਾਜਪਾ ਸਰਕਲ ਕੋਟ ਫਤੂਹੀ ਦੇ ਪਿੰਡਾਂ ਨਡਾਲੋਂ, ਅੱਛਰਵਾਲ, ਖੈਹੜਰਾਵਲ ਬੱਸੀ, ਪੰਜੋੜਾ ਆਦਿ ਵਿੱਚ ਚੋਣ ਪ੍ਰਚਾਰ ਕੀਤਾ ਅਤੇ ਭਾਜਪਾ ਉਮੀਦਵਾਰ ਸਰਦਾਰ ਸੋਹਣ ਸਿੰਘ ਠੰਡਲ ਦੇ ਹੱਕ ਵਿੱਚ ਵੋਟਾਂ ਪਾਉਣ ਦੀ ਅਪੀਲ ਕੀਤੀ। ਸਰਦਾਰ ਲਾਲਪੁਰਾ ਨੇ ਕਿਹਾ ਕਿ ਪੰਜਾਬ ਦੇ ਲੋਕ ਸੂਬੇ ਅੰਦਰ ਡਬਲ ਇੰਜਣ ਦੀ ਸਰਕਾਰ ਬਣਾਉਣ ਲਈ ਬੇਹੱਦ ਉਤਾਵਲੇ ਹਨ ਕਿਉਂਕਿ ਉਹ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਬੇਹੱਦ ਦੁਖੀ ਹੋ ਚੁੱਕੇ ਹਨ। ਲਾਲਪੁਰਾ ਨੇ ਕਿਹਾ ਕਿ ਇਸ ਖਿੱਤੇ ਵਿੱਚ ਸਾਬਕਾ ਮੰਤਰੀ ਸ਼੍ਰੀ ਸੋਮ ਪ੍ਰਕਾਸ਼ ਨੇ ਅਥਾਹ ਵਿਕਾਸ ਕਰਵਾਇਆ ਹੈ ਤੇ ਹਲਕਾ ਚੱਬੇਵਾਲ ਵਿੱਚ ਰਹਿੰਦੀ ਕਸਰ ਸਰਦਾਰ ਸੋਹਣ ਸਿੰਘ ਠੰਡਲ ਪੂਰੀ ਕਰਨਗੇ। ਉਹਨਾਂ ਕਿਹਾ ਕਿ ਅੱਜ ਪਿੰਡਾਂ ਵਿੱਚ ਤਕਰੀਬਨ ਹਰ ਇਕ ਵਿਕਾਸ ਕਾਰਜ ਭਾਜਪਾ ਸਰਕਾਰ ਦੀਆਂ ਸਕੀਮਾਂ ਰਾਹੀਂ ਹੋ ਰਿਹਾ ਹੈ ਚਾਹੇ ਮਨਰੇਗਾ ਹੋਵੇ ਜਾਂ ਫਿਰ ਵਿੱਤ ਕਮਿਸ਼ਨ ਰਾਹੀਂ ਪ੍ਰਾਪਤ ਹੋਇਆ ਫੰਡ, ਪਿੰਡਾਂ ਵਿੱਚ ਬਿਨਾਂ ਪੱਖਪਾਤ ਤੋਂ ਵਿਕਾਸ ਹੋ ਰਿਹਾ ਹੈ। ਲਾਲਪੁਰਾ ਨੇ ਕਿਹਾ ਕਿ ਜਦੋਂ ਤੋਂ ਆਮ ਆਦਮੀ ਦੀ ਪਾਰਟੀ ਦੀ ਸਰਕਾਰ ਆਈ ਹੈ ਉਦੋਂ ਤੋਂ ਹੀ ਇਸ ਸਰਕਾਰ ਦਾ ਜੋਰਾ ਇਸ਼ਤਿਹਾਰਬਾਜੀ 'ਤੇ ਲੱਗਾ ਹੋਇਆ ਹੈ ਜਦਕਿ ਬੁਨਿਆਦੀ ਸਹੂਲਤਾਂ ਤੋਂ ਪੰਜਾਬ ਦਾ ਪੇਂਡੂ ਖਿੱਤਾ ਅਜੇ ਵੀ ਸੱਖਣਾ ਹੈ। ਉਹਨਾਂ ਕਿਹਾ ਕਿ ਅੱਜ ਪੰਜਾਬ ਦੇ ਨਿਵੇਸ਼ਕ ਯੂਪੀ ਦਾ ਰੁੱਖ ਕਰ ਰਹੇ ਹਨ ਕਿਉਂਕਿ ਉੱਥੇ ਭਾਜਪਾ ਦੀ ਡਬਲ ਇੰਜਣ ਦੀ ਸਰਕਾਰ ਨੇ ਨਿਵੇਸ਼ਕਾਂ ਲਈ ਵਧੀਆ ਸਹੂਲਤਾਂ ਅਤੇ ਸੁਰੱਖਿਅਤ ਮਾਹੌਲ ਪ੍ਰਦਾਨ ਕੀਤਾ ਹੋਇਆ ਹੈ ਜਦੋਂਕਿ ਇਸ ਦੇ ਉਲਟ ਪੰਜਾਬ ਵਿੱਚ ਦਿਨ ਦਿਹਾੜੇ ਕਤਲੋਗਾਰਤ, ਰੰਗਦਾਰੀ ਮੰਗਣਾ, ਪੈਟਰੋਲ ਪੰਪ ਤੇ ਬੰਬ ਨਾਲ ਹਮਲਾ ਆਦਿ ਕਰਕੇ ਦਹਿਸ਼ਤ ਦੇ ਮਾਹੌਲ ਵਿੱਚ ਵਪਾਰੀ ਕੰਮ ਨਹੀਂ ਕਰਨਾ ਚਾਹੁੰਦੇ। ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਇੱਕ ਵਾਰ ਭਾਜਪਾ 'ਤੇ ਭਰੋਸਾ ਜਤਾਉਣ ਅਤੇ ਸਰਦਾਰ ਠੰਡਲ ਨੂੰ ਵੋਟਾਂ ਪਾ ਕੇ ਜੇਤੂ ਬਣਾਉਣ, ਤਾਂ ਜੋ ਕੇਂਦਰ ਸਰਕਾਰ ਨਾਲ ਮਿਲ ਕੇ ਇਲਾਕੇ ਦੀ ਨੁਹਾਰ ਬਦਲੀ ਜਾ ਸਕੇ । ਇਸ ਮੌਕੇ ਸਤਬੀਰ ਰਾਣਾ, ਅਮਨ ਕਾਬੜਵਾਲ, ਇੰਦਰਪਾਲ ਸਿੰਘ, ਸਵਰਨ ਸਿੰਘ ਸਾਂਪਲਾ, ਸੁਰਿੰਦਰਪਾਲ ਸੇਠੀ, ਟੋਨੀ ਵਰਮਾ ਆਦਿ ਮੌਜੂਦ ਸਨ



# ਸ਼ਿਵਾਲਿਕ ਪਬਲਿਕ ਸਕੂਲ ਜੈਤੋ ਵੱਲੋਂ ਵਿਦਿਆਰਥੀਆਂ ਦਾ ਤਿੰਨ ਦਿਨਾਂ ਵਿੱਦਿਅਕ ਟੂਰ ਲਗਾਇਆ ਗਿਆ

ਪੰਜਾਬ ਦਾ ਖੁਲਾਸਾ

**ਜੈਤੋ,17 ਨਵੰਬਰ (ਮਨਜੀਤ ਸਿੰਘ ਢੱਲਾ)**- ਜੈਤੋ ਸ਼ਹਿਰ ਦੀ ਪ੍ਰਸਿੱਧ ਵਿਦਿਅਕ ਸੰਸਥਾ ਸ਼ਿਵਾਲਿਕ ਪਬਲਿਕ ਸਕੂਲ ਵੱਲੋਂ ਪਿਛਲੇ ਦਿਨੀ ਰਾਜਸਥਾਨ ਦੇ ਸ਼ਹਿਰ ਜੈਸਲਮੇਰ ਅਤੇ ਆਸ ਪਾਸ ਦੇ ਸਥਾਨਾਂ ਦਾ ਟੂਰ ਲਗਾਇਆ ਗਿਆ। ਰਾਤ ਦੇ ਸਫਰ ?ਪਰੰਤ ਸੁਬਹ ਜੈਸਲਮੇਰ ਸ਼ਹਿਰ ਵਿੱਚ ਤਿੰਨ ਸਿਤਾਰਾ ਹੋਟਲ ਵਿੱਚ ਠਹਿਰਾ ਕੀਤਾ ਗਿਆ। ਪਹਿਲੇ ਦਿਨ ਵਿਦਿਆਰਥੀਆਂ ਨੂੰ ਸੋਨਾਰ ਕਿਲਾ ਅਤੇ ਪੱਟਵਾਂ ਦੀ ਹਵੇਲੀ ਦੀ ਸੈਰ ਕਰਾਈ ਗਈ। ਅਗਲੇ ਦਿਨ ਵਿਦਿਆਰਥੀਆਂ ਨੇ ਗੜੀਸਰ ਲੇਕ ਵਿਖੇ ਬੋਟਿੰਗ ਦਾ ਆਨੰਦ ਮਾਣਿਆ ਅਤੇ ਦੁਪਹਿਰ ਬਾਅਦ ਕੁਲਧਰਾ ਪਿੰਡ ਦੇਖਿਆ। ਸ਼ਾਮ ਸਮੇਂ ਜੀਪ ਡੈਜ਼ਰਟ ਸਫਾਰੀ ਅਤੇ ਊਠ ਦੀ ਸਵਾਰੀ ਦਾ ਆਨੰਦ ਮਾਣਿਆ। ਰਾਤ ਸਮੇਂ ਰਾਜਸਥਾਨੀ ਸੱਭਿਆਚਾਰਕ ਪ੍ਰੋਗਰਾਮ ਵੇਖਿਆ ਅਤੇ ਡੀਜੇ ਤੇ ਖੂਬ ਡਾਂਸ ਕੀਤਾ ਗਿਆ। ਰਾਤ ਦੇ ਸਮੇਂ ਡੈਜ਼ਰਟ ਦੇ ਤੰਬੂਆਂ ਵਿੱਚ ਰਾਤ ਗੁਜ਼ਾਰੀ ਗਈ। ਤੀਸਰੇ ਤੇ ਆਖਰੀ ਦਿਨ ਸਵੇਰ ਸਮੇਂ ਟਿੱਬਿਆਂ ਦੇ ਠੰਡੇ ਰੇਤ ਉੱਪਰ ਨੰਗੇ ਪੈਰੀ ਚੱਲਣ ਦਾ ਅਨੁਭਵ ਕੀਤਾ ਗਿਆ ਅਤੇ ਸਵੇਰ ਦੇ ਸੂਰਜ ਪ੍ਰਕਾਸ਼ ਦਾ ਅਦਭੁਤ ਨਜ਼ਾਰਾ ਵੇਖਿਆ ਗਿਆ। ਇਸ ਉਪਰੰਤ ਭਾਰਤ ਪਾਕਿਸਤਾਨ 1971 ਦੀ ਜੰਗ ਦੀ ਯਾਦਗਾਰ ਲੌਂਗੇਵਾਲਾ ਪੋਸਟ ਦੀ ਯਾਤਰਾ ਕੀਤੀ ਗਈ ਅਤੇ ਯੁੱਧ ਸਮਾਰਕ, ਹਥਿਆਰ, ਟੈਂਕ ਆਦਿ ਵੇਖੇ ਗਏ। ਇਸ ਤੋਂ ਬਾਅਦ ਭਾਰਤ ਪਾਕਿਸਤਾਨ ਸਰਹੱਦ ਉੱਪਰ ਸਥਿਤ ਤਨੋਟ ਮਾਤਾ ਦੇ ਮੰਦਰ ਦੇ ਦਰਸ਼ਨ ਕੀਤੇ ਗਏ। ਸ਼ਾਮ ਸਮੇਂ ਟੂਰ ਦੇ ਆਖਰੀ ਪੜਾਅ ਤੋਂ ਬਾਅਦ ਜੈਤੋ ਸ਼ਹਿਰ ਵੱਲ ਰਵਾਨਗੀ ਪਾਈ ਗਈ।

ਵਿਦਿਆਰਥੀਆਂ ਤੇ ਉਨਾਂ ਦੇ ਮਾਪਿਆਂ ਵੱਲੋਂ ਇਸ ਕਾਮਯਾਬ, ਗਿਆਨ ਅਤੇ ਰੋਮਾਂਚ ਭਰਪੂਰ ਟੂਰ ਦੇ ਲਈ ਪ੍ਰਿੰਸੀਪਲ ਸ: ਸਰਬਜੀਤ ਸਿੰਘ ਦਾ ਧੰਨਵਾਦ ਕੀਤਾ।ਪ੍ਰਿੰਸੀਪਲ ਸਰਬਜੀਤ ਸਿੰਘ ਵੱਲੋਂ ਟੂਰ ਦੀ ਕਾਮਯਾਬੀ ਲਈ ਵਿਦਿਆਰਥੀਆਂ ਦੇ ਅਨੁਸ਼ਾਸਨ ਦੀ ਭਰਪੂਰ ਸ਼ਲਾਘਾ ਕੀਤੀ ਗਈ ਅਤੇ ਕਿਹਾ ਕਿ ਸੀਬੀਐਸਈ ਦੇ ਕਰੀਕੁਲਮ ਅਨੁਸਾਰ ਆਉਣ ਵਾਲੇ ਸਮੇਂ ਵਿੱਚ ਹੋਰ ਵੀ ਛੋਟੇ ਵੱਡੇ ਟੂਰ ਪ੍ਰੋਗਰਾਮ ਉਲੀਕੇ ਜਾਣਗੇ।

ਇਸ ਮੌਕੇ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਅਸ਼ਵਨੀ ਕੁਮਾਰ ਗਰਗ, ਜਗਮੇਲ ਸਿੰਘ, ਗੌਰਵ ਗਰਗ ਅਤੇ ਦੀਪੀ ਗਰਗ ਨੇ ਟੂਰ ਦੀ ਕਾਮਯਾਬੀ ਦਾ ਸਿਹਰਾ ਪ੍ਰਿੰਸੀਪਲ ਸਰਬਜੀਤ ਸਿੰਘ ਨੂੰ ਦਿੱਤਾ ਅਤੇ ਮਾਤਾ ਪਿਤਾ ਦੇ ਸਕੂਲ ਦੀ ਮੈਨੇਜਮੈਂਟ ਵਿੱਚ ਵਿਸ਼ਵਾਸ ਲਈ ਧੰਨਵਾਦ ਕੀਤਾ।



# ਮਾਰਕਿਟ ਕਮੇਟੀ ਚੇਅਰਮੈਨ ਕਮਿੱਕਰ ਸਿੰਘ ਡਾਢੀ ਵੱਲੋਂ ਨਗਰ ਕੀਰਤਨ ਦਾ ਕੀਤਾ ਗਿਆ ਭਰਵਾਂ ਸਵਾਗਤ

ਪੰਜਾਬ ਦਾ ਖੁਲਾਸਾ

**ਸ਼੍ਰੀ ਅਨੰਦਪੁਰ ਸਾਹਿਬ 17 ਨਵੰਬਰ (ਕੰਵਲ ਜੋਤ ਸਿੰਘ)** ਪਹਿਲੇ ਪਾਤਸ਼ਾਹ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ 555ਵਾਂ ਪ੍ਰਕਾਸ਼ ਪੁਰਬ ਪੂਰੀ ਦੁਨੀਆ ਦੇ ਵਿੱਚ ਬੜੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ ਉੱਥੇ ਹੀ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਗੁਰੂ ਸਾਹਿਬ ਦਾ ਪ੍ਰਕਾਸ਼ ਦਿਹਾੜਾ ਧੂਮਧਾਮ ਨਾਲ ਮਨਾਇਆ ਗਿਆ, ਬੀਤੇ ਦਿਨੀਂ ਸਥਾਨਿਕ ਐਸ.ਜੀ.ਐਸ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਤੋਂ ਵਿਸ਼ਾਲ ਨਗਰ ਕੀਰਤਨ ਤਖਤ ਸ਼੍ਰੀ ਕੇਸਗੜ੍ਹ ਸਾਹਿਬ ਦੀ ਛਤਰ ਛਾਇਆ ਹੇਠ ਅਰੰਭ ਹੋਇਆ ਜਿਸ ਦਾ ਰਵਿਦਾਸ ਚੌਕ ਵਿਖੇ ਪੰਹੁਚਣ ਤੇ ਸ਼੍ਰੀ ਅਨੰਦਪੁਰ ਸਾਹਿਬ ਮਾਰਕਿਟ ਕਮੇਟੀ ਦੇ ਚੇਅਰਮੈਨ ਕਮਿੱਕਰ ਸਿੰਘ ਡਾਢੀ ਅਤੇ ਉਨਾਂ ਦਾ ਸਾਥੀਆਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ, ਇਸ ਮੌਕੇ ਕਮਿੱਕਰ ਸਿੰਘ ਡਾਢੀ ਵੱਲੋਂ ਪੰਜ ਪਿਆਰਿਆਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਗੁਰੂ ਸਾਹਿਬ ਦੇ ਚਰਨਾਂ ਵਿੱਚ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ, ਇਸ ਮੌਕੇ ਉਨਾਂ ਨਾਲ ਫਾਊਂਡਰ ਮੈਂਬਰ ਹਰਤੇਗਬੀਰ ਸਿੰਘ ਤੇਗੀ, ਸੀਨੀਅਰ ਲੀਡਰ ਜਸਵੀਰ ਸਿੰਘ ਜੱਸੂ,ਵਪਾਰ ਮੰਡਲ ਪ੍ਰਧਾਨ ਦੀਪਕ ਆਂਗਰਾ,ਸਰਪੰਚ ਬਾਬੂ ਰਾਮ, ਟਰੱਕ ਯੂਨੀਅਨ ਪ੍ਰਧਾਨ ਤਰਲੋਚਨ ਸਿੰਘ ਲੋਚੀ,ਯੂਥ ਆਗੂ ਸ਼ੰਮੀ ਬਰਾਰੀ,ਸਰਪੰਚ ਬਲਵਿੰਦਰ ਸਿੰਘ ਫੋਜੀ, ਗੁਰਪ੍ਰੀਤ ਸਿੰਘ ਅਰੋੜਾ ਮੀਤ ਪ੍ਰਧਾਨ ਜਿਲਾ ਵਪਾਰ ਮੰਡਲ,ਸੋਨੂ ਚੌਧਰੀ, ਗੁਰਨਾਮ ਸਿੰਘ ਲੋਧੀਪੁਰ,ਅਰਜਨ ਸਿੰਘ, ਨਿਰੰਜਨ ਸਿੰਘ, ਜਰਨੈਲ ਸਿੰਘ ਅਤੇ ਹੋਰ ਮੌਜੂਦ ਸਨ



# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਆਰ ਸੀ ਐੱਫ ਦੀ ਨਵੀਂ ਕਮੇਟੀ ਦੀ ਸਰਬਸੰਮਤੀ ਨਾਲ ਚੋਣ

ਪੰਜਾਬ ਦਾ ਖੁਲਾਸਾ

**ਕਪੂਰਥਲਾ, 17 ਨਵੰਬਰ (ਕੌੜਾ)**- ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਰੇਲ ਕੋਚ ਫੈਕਟਰੀ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ।ਇਹ ਚੋਣ ਚੇਅਰਮੈਨ ਰਮਨੀਕ ਸਿੰਘ ਸੀ. ਡਬਲਯੂ. ਈ. ਅਤੇ ਸੁਖਦੇਵ ਸਿੰਘ, ਏ. ਐਮ. ਐਮ. ਦੀ ਦੇਖ ਰੇਖ ਹੇਠ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਰੇਲ ਕੋਚ ਫ਼ੈਕਟਰੀ ਕਪੂਰਥਲਾ ਕੀਤੀ ਗਈ। ਇਸ ਦੌਰਾਨ ਜਿੱਥੇ ਪਹਿਲੇ ਕਮੇਟੀ ਨੇ ਆਪਣੇ ਕਾਰਜਕਾਲ ਦੌਰਾਨ ਹੋਈਆਂ ਧਾਰਮਿਕ ਗਤੀਵਿਧੀਆਂ, ਜ਼ਰੂਰਤਮੰਦਾਂ ਲਈ ਕੀਤੇ ਕਾਰਜ ਆਦਿ ਤੇ ਵਿਸਥਾਰ ਪੂਰਵਕ ਰੋਸ਼ਨੀ ਪਾਈ। ਉਥੇ ਹੀ ਇਸ ਦੌਰਾਨ ਸਮੂਹ ਸੰਗਤਾਂ ਦੀ ਸਰਬਸੰਮਤੀ ਨਾਲ ਭਾਈ ਮਹਿੰਦਰ ਸਿੰਘ ਨੂੰ ਪ੍ਰਧਾਨ, ਭਾਈ ਮਨਦੀਪ ਸਿੰਘ ਨੂੰ ਮੀਤ ਪ੍ਰਧਾਨ, ਭਾਈ ਮਨਮੋਹਨ ਸਿੰਘ ਨੂੰ ਸੈਕਟਰੀ, ਭਾਈ ਸਤਨਾਮ ਸਿੰਘ ਨੂੰ ਸਹਾਇਕ ਸੈਕਟਰੀ ਅਤੇ ਭਾਈ ਇੰਦਰਜੀਤ ਸਿੰਘ ਨੂੰ ਕੈਸ਼ੀਅਰ ਚੁਣਿਆ ਗਿਆ। ਇਸ ਦੌਰਾਨ ਨਵਨਿਯੁਕਤ ਪ੍ਰਬੰਧਕ ਕਮੇਟੀ ਨੇ ਸਮੂਹ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆਂ,ਜਿੱਥੇ ਸਮੂਹ ਸੰਗਤਾਂ ਦਾ ਗੁਰੂ ਘਰ ਦੀ ਸੇਵਾ ਸੌਂਪਣ ਤੇ ਧੰਨਵਾਦ ਕੀਤਾ। ਉੱਥੇ ਹੀ ਉਕਤ ਨਵਨਿਯੁਕਤ ਸਾਰੀ ਕਮੇਟੀ ਅਹੁਦੇਦਾਰਾਂ ਨੇ ਸੰਗਤਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਨ੍ਹਾਂ ਨੂੰ ਸੌਂਪੀ ਗਈ ਜਿੰਮੇਵਾਰੀ ਨੂੰ ਉਹ ਪੂਰੀ ਤਨਦੇਹੀ ਨਾਲ ਨਿਭਾਉਣਗੇ ਅਤੇ ਸਿੱਖ ਧਰਮ ਦੇ ਪ੍ਰਚਾਰ ਤੇ ਪਸਾਰ ਲਈ ਵੱਧ ਤੋਂ ਵੱਧ ਉਪਰਾਲੇ ਕੀਤੇ ਜਾਣਗੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਭਾਈ ਰਜਿੰਦਰ ਸਿੰਘ, ਬਲਜਿੰਦਰ ਸਿੰਘ, ਹਰਦੇਵ ਸਿੰਘ, ਦਲਜੀਤ ਸਿੰਘ, ਰਤਨ ਸਿੰਘ, ਮਹਿੰਦਰ ਸਿੰਘ ਚੇਅਰਮੈਨ ਨੌਜਵਾਨ ਸੇਵਕ ਦਲ, ਹਰਪ੍ਰੀਤ ਸਿੰਘ, ਬਲਜੀਤ ਸਿੰਘ, ਬਲਤੇਜ ਪੁਰੀ, ਅਮਰੀਕ ਸਿੰਘ, ਜਸਵਿੰਦਰ ਸਿੰਘ, ਭਾਈ ਰਾਮ ਸਿੰਘ, ਜਸਵਿੰਦਰ ਸਿੰਘ, ਬਲਵੀਰ ਸਿੰਘ ਅਮਲੋਹ, ਚਰਨਜੀਤ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਸ਼ਰਧਾਲੂ ਸੰਗਤਾਂ ਹਾਜ਼ਰ ਸਨ।



# ਹਰਿਆਣਾ ਸਿੱਖ ਕਤਲੇਆਮ ਮਾਮਲੇ ਦੇ 133 ਕੇਸਾਂ ਦੀ ਅਹਿਮ ਸੁਣਵਾਈ ਹਾਈਕੋਰਟ 'ਚ 19 ਨਵੰਬਰ ਨੂੰ

ਪੰਜਾਬ ਦਾ ਖੁਲਾਸਾ

**ਅੰਮ੍ਰਿਤਸਰ 17ਨਵੰਬਰ(ਦਿਨੇਸ਼ ਸੋਨੀ)**1984 'ਚ ਹਰਿਆਣਾ ਵਿਖੇ ਹੋਏ ਸਿੱਖਾਂ ਦੇ ਕਤਲੇਆਮ ਦੇ ਪੀੜਤਾਂ ਨੂੰ ਇਨਸਾਫ ਦਵਾਉਣ ਲਈ ਲੰਮੇ ਸਮੇਂ ਤੋਂ ਕਾਨੂੰਨੀ ਲੜਾਈ ਲੜ ਰਹੇ ਹੋਂਦ ਚਿੱਲੜ ਸਿੱਖ ਇਨਸਾਫ ਕਮੇਟੀ ਦੇ ਪ੍ਰਧਾਨ ਭਾਈ ਦਰਸ਼ਨ ਸਿੰਘ ਘੋਲੀਆ ਨੇ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਹਰਿਆਣਾ ਦੇ ਗੁੜਗਾਉਂ ਅਤੇ ਪਟੌਦੀ 'ਚ ਹੋਏ 47 ਸਿੱਖਾਂ ਦੇ ਕਤਲੇਆਮ ਸਮੇਤ 83 ਹੋਰ ਪੀੜਤਾਂ ਦੇ ਮਾਮਲਿਆਂ ਨੂੰ ਲੈ ਕੇ ਪੰਜਾਬ ਤੇ ਹਰਿਆਣਾ ਹਾਈਕੋਰਟ 'ਚ ਦਾਇਰ ਕੀਤੇ 133 ਪਟੀਸ਼ਨ ਕਰਤਾ ਦੀ ਮਾਨਯੋਗ ਪੰਜਾਬ ਹਰਿਆਣਾ ਹਾਈ ਕੋਰਟ ਵਿਖੇ 19 ਨਵੰਬਰ ਨੂੰ ਸੁਣਵਾਈ ਕੀਤੀ ਜਾ ਰਹੀ ਹੈ। ਪ੍ਰਧਾਨ ਦਰਸ਼ਨ ਸਿੰਘ ਘੋਲੀਆ ਨੇ ਕਿਹਾ ਹੈ ਕਿ ਉਪਰੋਤਕ ਦੋਹਾਂ ਸ਼ਹਿਰਾਂ ਦੇ ਹੋਏ ਕਤਲੇਆਮ ਦੌਰਾਨ 297 ਸਿੱਖਾਂ ਦੇ ਘਰਾਂ ਨੂੰ ਚੁਣ ਚੁਣ ਕੇ ਨਿਸ਼ਾਨਾ ਬਣਾਇਆ ਗਿਆ ਸੀ ਜਦੋਂ ਕਿ ਵੱਡੀ ਗਿਣਤੀ 'ਚ ਸਿੱਖ ਬੀਬੀਆਂ ਅਤੇ ਬੱਚਿਆਂ ਨੂੰ ਵੀ ਜਖਮੀ ਕਰ ਦਿੱਤਾ ਗਿਆ ਤੇ ਹੋਏ ਮਾਲੀ ਨੁਕਸਾਨ ਸਿੱਖਾਂ ਦੀਆਂ ਇਸ ਇਲਾਕੇ ਵਿੱਚ ਲੱਗੀਆਂ ਫੈਕਟਰੀਆਂ ਨੂੰ ਵੀ ਤਬਾਹ ਕਰ ਦਿੱਤਾ ਗਿਆ ਸੀ। ਹੋਂਦ ਚਿੱਲੜ ਸਿੱਖ ਇਨਸਾਫ ਕਮੇਟੀ ਵੱਲੋਂ ਮੌਕੇ ਦੇ ਗਵਾਹ ਅਤੇ ਪੀੜਤ ਸੰਤੋਖ ਸਿੰਘ ਸਾਹਨੀ ਰਾਹੀਂ ਰਿਟ ਨੰਬਰ 10904 ਮਾਨਯੋਗ ਪੰਜਾਬ ਹਰਿਆਣਾ ਹਾਈਕੋਰਟ ਵਿੱਚ ਕੇਸ ਲਾਏ ਹਨ। ਇਸ ਮਾਮਲੇ ਦੀ ਕਾਨੂੰਨੀ ਪੈਰਵਾਈ ਹਾਈਕੋਰਟ ਦੇ ਸੀਨੀਅਰ ਵਕੀਲ ਗਗਨਪ੍ਰਦੀਪ ਸਿੰਘ ਬੱਲ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪਟੌਦੀ ਸ਼ਹਿਰ ਵਿੱਚ ਜੀਵਨੀ ਬਾਈ ਦੇ ਤਿੰਨ ਬੱਚਿਆਂ ਨੂੰ ਦਰਿੰਦਿਆਂ ਨੇ ਬੁਰੀ ਤਰ੍ਹਾਂ ਜਖਮੀ ਕਰਕੇ ਮਾਰ ਮੁਕਾਇਆ ਸੀ ਅਤੇ ਨਵੀਂ ਵਿਆਹੀ ਕਮਲਜੀਤ ਕੌਰ ਦੇ ਪਤੀ ਨੂੰ ਸ਼ਹਿਰ ਵਿੱਚ ਪੱਥਰ ਮਾਰ ਕੇ ਮਾਰ ਦਿੱਤਾ ਤੇ ਘਰ ਨੂੰ ਅੱਗ ਲਾ ਦਿੱਤੀ ਸੀ। ਪ੍ਰਧਾਨ ਘੋਲੀਆ ਨੇ ਕਿਹਾ ਹੈ ਕਿ ਭਾਂਵੇਂ ਇਨਸਾਫ ਦੀ ਉਡੀਕ ਕਰਦੇ ਕਰਦੇ ਕਈ ਪੀੜਿਤ ਰੱਬ ਨੂੰ ਪਿਆਰੇ ਹੋ ਗਏ ਹਨ ਪਰ ਉਹ ਪੀੜਿਤ ਪਰਿਵਾਰਾਂ ਨੂੰ ਨਿਆਂ ਦਵਾਉਣ ਲਈ ਕਾਨੂੰਨੀ ਲੜਾਈ ਨਿਰੰਤਰ ਜਾਰੀ ਰੱਖਣਗੇ ?

**40 ਸਾਲਾਂ ਬਾਅਦ ਵੀ ਪੀੜ੍ਹਤਾਂ ਨੂੰ ਇਨਸਾਫ ਨਾ ਮਿਲਣਾ ਭਾਰਤੀ ਨਿਆਂ ਪ੍ਰਣਾਲੀ 'ਤੇ ਪ੍ਰਸ਼ਨ ਚਿੰਨ - ਭਾਈ ਘੋਲੀਆ**



# ਨਥਾਣਾ ਦੇ ਪੱਤਰਕਾਰਾਂ ਨੇ ਬਣਾਈ ਤਿੰਨ ਮੈਂਬਰੀ ਕਮੇਟੀ, ਪ੍ਰੈਸ ਕਲੱਬ ਨਥਾਣਾ ਬਣਾਉਣ ਦਾ ਅਮਲ ਸ਼ੁਰੂ

ਪੰਜਾਬ ਦਾ ਖੁਲਾਸਾ

**ਨਥਾਣਾ/ਬਠਿੰਡਾ , 17 ਨਵੰਬਰ ( ਰਾਮ ਸਿੰਘ ਕਲਿਆਣ )**- ਪੱਤਰਕਾਰਾਂ ਨੂੰ ਮੌਜੂਦਾ ਸਮੇਂ ਦਰਪੇਸ਼ ਆਉਂਦੀਆਂ ਸਮੱਸਿਆਵਾਂ ਦੇ ਹੱਲ ਲਈ ਨਥਾਣਾ ਦੇ ਸਮੂਹ ਪੱਤਰਕਾਰਾਂ ਵੱਲੋਂ ਇੱਕ ਮੰਚ ਤੇ ਇਕੱਠੇ ਹੋਣ ਦੇ ਮੰਤਵ ਅਤੇ ਭਵਿੱਖ ਵਿੱਚ ਪ੍ਰੈਸ ਕਲੱਬ ਨਥਾਣਾ ਬਣਾਉਣ ਸਬੰਧੀ ਸਾਰੀ ਬਿਉਂਤਬੰਦੀ ਘੜਨ ਲਈ ਸ੍ਰੀ ਅਨੰਤ ਅਨਾਥ ਆਸ਼ਰਮ ਨਥਾਣਾ ਵਿਖੇ ਦੂਸਰੀ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਪੱਤਰਕਾਰਾਂ ਵੱਲੋਂ ਤਿੰਨ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ।

ਜਿਸ ਵਿੱਚ ਗੁਰਦਰਸ਼ਨ ਸਿੰਘ ਲੁੱਧੜ, ਚਰਨਜੀਤ ਸਿੰਘ ਸਿੱਧੂ ਅਤੇ ਹਰਬੰਸ ਸਿੰਘ ਭੋਲਾ ਨੂੰਸ਼ਾਮਲ ਕੀਤਾ ਗਿਆ । ਚੁਣੇ ਗਏ ਕਮੇਟੀ ਮੈਂਬਰਾਂ ਨੂੰ ਭਵਿੱਖ ਵਿੱਚ ਪ੍ਰੈਸ ਕਲੱਬ ਨਥਾਣਾ ਨੂੰ ਕਾਇਮ ਕਰਨ ਲਈ ਜਰੂਰੀ ਨਿਯਮ ਅਤੇ ਸਰਤਾ ਸਬੰਧੀ ਖਾਕਾ ਤਿਆਰ ਦੀ ਜ਼ਿੰਮੇਵਾਰੀ ਸੌਂਪੀ ਗਈ। ਸੋਸ਼ਲ ਮੀਡੀਏ ਦੀ ਜਿੰਮੇਵਾਰੀ ਜਗਦੀਸ਼ ਸ਼ਰਮਾ ਨੂੰ ਦਿੱਤੀ ਗਈ।

ਜਿਕਰਯੋਗ ਹੈ ਕਿ ਕਈ ਤਰ੍ਹਾਂ ਦੀਆਂ ਸੱਚੀਆ ਅਤੇ ਲੋਕਪੱਖੀ ਖਬਰਾਂ ਲਗਾਉਣ ਉਤੇ ਪੱਤਰਕਾਰਾਂ ਨੂੰ ਬੇਲੋੜੇ ਰਾਜਨੀਤਿਕ ਅਤੇ ਹੋਰ ਦਬਾਅ ਦਾ ਸਾਹਮਣਾ ਕਰਨਾ ਪੈਂਦਾ ਹੈ।

ਜਿਸ ਦੇ ਮੱਦੇਨਜ਼ਰ ਨਥਾਣਾ ਦੇ ਪੱਤਰਕਾਰਾਂ ਵੱਲੋਂ ਏਕਾ ਕਾਇਮ ਕਰਨ ਲਈ ਪ੍ਰੈਸ ਕਲੱਬ ਨਥਾਣਾ ਬਣਾਉਣ ਦਾ ਫੈਸਲਾ ਕੀਤਾ ਗਿਆ ਹੈ। ਪਹਿਲੀ ਮੀਟਿੰਗ 10 ਨਵੰਬਰ ਅਤੇ ਦੂਸਰੀ ਮੀਟਿੰਗ 17 ਨਵੰਬਰ ਨੂੰ ਸ੍ਰੀ ਅਨੰਤ ਅਨਾਥ ਆਸ਼ਰਮ ਨਥਾਣਾ ਵਿਖੇ ਕੀਤੀ ਗਈ।

ਇਸ ਮੌਕੇ ਹਾਜ਼ਰ ਪੱਤਰਕਾਰਾਂ ਵੱਲੋਂ ਸਰਬ ਸੰਮਤੀ ਨਾਲ ਤਿੰਨ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ।

ਇਸ ਮੌਕੇ ਸੀਨੀਅਰ ਪੱਤਰਕਾਰ ਭਗਵਾਨ ਦਾਸ ਗਰਗ, ਗੁਰਦਰਸ਼ਨ ਸਿੰਘ ਲੁੱਧੜ, ਜਗਦੀਸ਼ ਸਰਮਾ , ਚਰਨਜੀਤ ਸਿੰਘ ਸਿੱਧੂ , ਹਰਬੰਸ ਸਿੰਘ, ਮਨਿੰਦਰ ਜੀਤ ਸਿੰਘ , ਹਰਪ੍ਰੀਤ ਸਿੰਘ ਮਦੇਸਾ ,ਗੁਰਮੀਤ ਸਿੰਘ ਸੇਮਾ ਅਤੇ ਰਾਮ ਸਿੰਘ ਕਲਿਆਣ ਹਾਜ਼ਰ ਸਨ। ਪੱਤਰਕਾਰ ਸੁਰਜੀਤ ਸਿੰਘ ਬੱਜੋਆਣੀਆਂ ਅਤੇ ਸੁਖਨੈਬ ਸਿੰਘ ਸਿੱਧੂ ਨੇ ਨਥਾਣਾ ਦੇ ਪੱਤਰਕਾਰਾਂ ਦੇ ਏਕਤਾ ਦੇ ਇਸ ਉਪਰਾਲੇ ਦੀ ਸਲਾਘਾ ਕੀਤੀ।



# ਪੰਥ ਦੀ ਚੜ੍ਹਦੀ ਕਲਾ ਲਈ ਸਿਰਦਾਰ ਕਪੂਰ ਸਿੰਘ ਦੀ ਸੋਚ ਅਪਣਾਉਣ ਦੀ ਲੋੜ

ਪੰਜਾਬ ਦਾ ਖੁਲਾਸਾ

**ਜਗਰਾਉਂ 17 ਨਵੰਬਰ (ਜਸਵਿੰਦਰ ਸਿੰਘ ਡਾਂਗੀਆ)** ਸ੍ਰੀ ਅਨੰਦਪੁਰ ਮਤੇ ਦੇ ਸਿਰਜਨਹਾਰ ਸੇਵਾ ਮੁਕਤ ਡੀਸੀ, ਸਾਬਕਾ ਐਮਪੀ ਅਤੇ ਸਾਬਕਾ ਵਿਧਾਇਕ ਸਿਰਦਾਰ ਕਪੂਰ ਸਿੰਘ ਦੀ ਸਲਾਨਾ ਬਰਸੀ ਤੇ ਕਰਵਾਏ ਗੁਰਮਤਿ ਸਮਾਗਮ ਪੰਥਕ ਏਕਤਾ ਦੀ ਲੋੜ ਦਾ ਸੁਨੇਹਾ ਦੇ ਗਿਆ। ਸਿਰਦਾਰ ਕਪੂਰ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਨ ਪੁੱਜੀਆਂ ਧਾਰਮਿਕ ਹਸਤੀਆਂ, ਰਾਜਨੀਤਿਕ ਆਗੂਆਂ, ਸਮਾਜ ਸੇਵੀ ਸ਼ਖ਼ਸੀਅਤਾਂ ਅਤੇ ਪੰਥਕ ਬੁਲਾਰਿਆਂ ਨੇ ਉਹਨਾਂ ਦੇ ਉੱਚ ਪ੍ਰਸ਼ਾਸਨਿਕ ਅਹੁਦਿਆਂ ਤੇ ਰਹਿੰਦਿਆਂ ਦੇ ਕਾਰਜਕਾਲ , ਐਮਐਲਏ ਐਮਪੀ ਦੇ ਬਾਕਮਾਲ ਰਾਜਨੀਤਿਕ ਸਫਰ ਚ ਲਏ ਅਹਿਮ ਫੈਸਲਿਆਂ ਦਾ ਖਾਸ ਜਿਕਰ ਕਰਦਿਆਂ ਉਹਨਾਂ ਦੀ ਸੋਚ ਨੂੰ ਅੱਜ ਅਪਣਾਉਣਾ ਸਮੇਂ ਦੀ ਲੋੜ ਦੱਸਿਆ। ਬੁਲਾਰਿਆਂ ਨੇ ਅੱਜ ਦੀ ਰਾਜਨੀਤੀ ਜਿਸ ਵਿੱਚ ਝੂਠ, ਸਾਜਿਸ਼ੀ, ਅਤੇ ਅਨੇਕਾਂ ਰੰਗ ਬਦਲਣ ਦੇ ਦੌਰ ਨੂੰ ਰਾਜਨੀਤੀ ਵਿੱਚ ਆਏ ਨਿਘਾਰ ਦਾ ਮੁੱਖ ਕਾਰਨ ਦੱਸਿਆ ਪਰ ਸਿਰਦਾਰ ਕਪੂਰ ਸਿੰਘ ਵੱਲੋਂ ਐਮਪੀ ਅਤੇ ਐਮਐਲਏ ਬਣਨ ਦੇ ਬਾਵਜੂਦ ਕਦੇ ਵੀ ਝੂਠ ਦੇ ਨੇੜਿਓਂ ਨਾ ਲੰਘਣ ਅਤੇ ਹਮੇਸ਼ਾ ਸੱਚ ਤੇ ਪਹਿਰਾ ਦਿੰਦਿਆਂ ਲਏ ਗਏ ਅਹਿਮ ਫੈਸਲਿਆਂ ਦਾ ਖਾਸ ਜਿਕਰ ਕੀਤਾ। ਰਾਜਨੀਤੀ ਦੇ ਨਾਲ ਨਾਲ ਸਿੱਖੀ ਦੇ ਪ੍ਰਚਾਰ ਪ੍ਰਸਾਰ ਵਿੱਚ ਉਨਾਂ ਦੇ ਅਹਿਮ ਰੋਲ ਵੀ ਰੋਸ਼ਨੀ ਪਾਉਂਦਿਆਂ ਬੁਲਾਰਿਆਂ ਨੇ ਉਸ ਸਮੇਂ ਵਿਸ਼ਵ ਧਰਮ ਸੰਮੇਲਨ ਵਿੱਚ ਸਿੱਖੀ ਦੇ ਲੋਹਾ ਮਨਵਾਉਣ ਦੀ ਵੀ ਖਾਸ ਚਰਚਾ ਕੀਤੀ। ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ ਤੇ ਪੁੱਜੇ ਵਿਸ਼ਵ ਪ੍ਰਸਿੱਧ



ਗੁਰਦੁਆਰਾ ਨਾਨਕਸਰ ਸੰਪਰਦਾਇ ਦੇ ਸੰਤ ਬਾਬਾ ਘਾਲਾ ਸਿੰਘ ਨੇ ਸਿਰਦਾਰ ਕਪੂਰ ਸਿੰਘ ਨੂੰ ਯਾਦ ਕਰਦਿਆਂ ਅੱਜ ਸਮੁੱਚੇ ਸਿੱਖ ਪੰਥ ਦੇ ਇੱਕ ਪਲੇਟਫਾਰਮ ਤੇ ਇੱਕਜੁੱਟ ਹੋਣ ਦੀ ਅਪੀਲ ਕੀਤੀ। ਉਹਨਾਂ ਕਿਹਾ ਕਿ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵੱਲੋਂ ਸਾਜੇ ਸਿੱਖ ਪੰਥ ਨੂੰ ਕਦੇ ਮੁਕਾਇਆ ਨਹੀਂ ਜਾ ਸਕਦਾ ਚਾਹੇ ਅੱਜ ਦੁਨੀਆਂ ਭਰ ਵਿੱਚ ਸਿੱਖ ਵਿਰੋਧੀ ਤਾਕਤਾਂ ਸਿੱਖੀ ਦੀ ਹੋਂਦ ਲਈ ਖਤਰਾ ਖੜਾ ਕਰਨ ਵਿੱਚ ਕੋਈ ਕਸਰ ਨਹੀਂ ਛੱਡ ਰਹੀ ਪਰ ਦੁਨੀਆਂ ਭਰ ਵਿੱਚ ਵੱਸਦੇ ਸਿੱਖਾਂ ਨੂੰ ਇਸ ਸਾਰੀ ਸਾਜ਼ਿਸ਼ ਨੂੰ ਸਮਝਦਿਆਂ ਇੱਕ ਝੰਡੇ ਹੇਠ ਇਕੱਠਾ ਹੋਣਾ ਪਵੇਗਾ ਜਿਸ ਤੋਂ ਬਾਅਦ ਸਿੱਖ ਪੰਥ ਵੱਲ ਕੋਈ ਵੈਰੀ ਅੱਖ ਚੁੱਕ ਵੀ ਨਹੀਂ ਦੇਖ ਸਕਦਾ। ਉਹਨਾਂ ਸ੍ਰੀ ਅਕਾਲ ਤਖਤ ਸਾਹਿਬ ਦੀ ਮਹਾਨਤਾ ਦਾ ਖਾਸ ਜਿਕਰ ਕਰਦਿਆਂ ਹਰ ਸਿੱਖ ਨੂੰ ਇਸ ਪਵਿੱਤਰ ਦਰ ਦਾ ਹਰ ਹੁਕਮ ਮੰਨਣ ਅਤੇ ਮਰਿਆਦਾ ਵਿੱਚ ਰਹਿਣ ਦੀ ਅਪੀਲ ਕੀਤੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਉੱਗੇ ਸਿੱਖ ਵਿਦਵਾਨ ਸਿਰਦਾਰ ਕਪੂਰ ਸਿੰਘ ਜਿਨਾਂ ਨੇ ਆਪਣੀ ਜ਼ਿੰਦਗੀ ਦਾ ਆਖਰੀ ਸਮਾਂ ਜਗਰਾਉਂ ਦੇ ਅਗਵਾੜ ਲੋਪੋ ਵਿਖੇ ਬਿਤਾਇਆ। ਸਿਰਦਾਰ ਕਪੂਰ ਸਿੰਘ ਨੇ ਹਮੇਸ਼ਾ ਸੱਚ ਦੇ ਮਾਰਗ ਤੇ ਪਹਿਰਾ ਦਿੰਦਿਆਂ ਕਦੇ ਵੀ ਰਾਜਨੀਤੀ ਵਿੱਚ ਰਹਿੰਦਿਆਂ ਝੂਠ ਦਾ ਸਹਾਰਾ ਨਾ ਲਿਆ। ਉਨਾਂ ਵੱਲੋਂ ਪੰਜਾਬ, ਪੰਜਾਬੀਅਤ, ਪੰਥ ਲਈ ਲਏ ਅਹਿਮ ਫੈਸਲੇ ਅੱਜ ਵੀ ਦੁਨੀਆ ਭਰ ਵਿੱਚ ਮਿਸਾਲ ਹਨ। ਸਮਾਗਮ ਵਿੱਚ ਗਿਆਨੀ ਜਗਤਾਰ ਸਿੰਘ ਰਾਮਗੜ੍ਹ ਭੁੱਲਰ ਵਾਲਿਆਂ ਨੇ ਵੀ ਧਾਰਮਿਕ ਵਿਚਾਰਾਂ ਰਾਹੀਂ ਸਿਰਦਾਰ ਕਪੂਰ ਸਿੰਘ ਦੀ ਸ਼ਖ਼ਸ਼ੀਅਤ ਨੂੰ ਬਾਖੂਬੀ ਬਿਆਨ ਕੀਤਾ। ਇਸ ਗੁਰਮਤਿ ਸਮਾਗਮ ਦੇ ਪ੍ਰਬੰਧਕਾਂ ਵਿੱਚ ਬਾਬਾ ਆਗਿਆਪਾਲ ਸਿੰਘ, ਸਿਰਦਾਰ ਕਪੂਰ ਸਿੰਘ ਦੇ ਸਪੁੱਤਰਾਂ ਗੁਰਨਾਮ ਸਿੰਘ ਗੋਗੀ, ਜਸਪ੍ਰੀਤ ਸਿੰਘ ਬਿੱਟੂ ਅਤੇ ਅਮਰਜੋਤ ਸਿੰਘ ਬੱਬੂ ਨੇ ਸਮਾਗਮ ਵਿੱਚ ਪੁੱਜੀਆਂ ਧਾਰਮਿਕ, ਰਾਜਨੀਤਿਕ ਅਤੇ ਸਮਾਜ ਸੇਵੀ ਸ਼ਖ਼ਸ਼ੀਅਤਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ। ਸਲਾਨਾ ਗੁਰਮਤਿ ਸਮਾਗਮ ਵਿੱਚ ਮੰਚ ਸੰਚਾਲਨ ਦੀ ਭੂਮਿਕਾ ਸੀਨੀਅਰ ਅਕਾਲੀ ਆਗੂ ਚੰਦ ਸਿੰਘ ਡੱਲਾ ਨੇ ਬਾਖੂਬੀ ਨਿਭਾਈ। ਇਸ ਮੌਕੇ ਮਾਤਾ ਸੁਰਿੰਦਰ ਕੌਰ, ਵਿਧਾਇਕਾ ਸਰਬਜੀਤ ਕੌਰ ਮਾਣੂੰਕੇ, ਸਾਬਕਾ ਮੰਤਰੀ ਮਲਕੀਤ ਸਿੰਘ ਦਾਖਾ, ਸਾਬਕਾ ਵਿਧਾਇਕ ਐਸਆਰ ਕਲੇਰ, ਯੂਥ ਕਾਂਗਰਸ ਦੇ ਪ੍ਰਧਾਨ ਮਨੀ ਗਰਗ, ਭਾਈ ਅੰਮ੍ਰਿਤਪਾਲ ਸਿੰਘ ਫਰੀਦਕੋਟ, ਭਜਨ ਸਿੰਘ ਸਵੱਦੀ, ਆਦਿ ਹਾਜ਼ਰ ਸਨ।

# ਸੋਸਾਇਟੀਆਂ ਵੱਲੋਂ ਲਗਾਏ ਜਾਂਦੇ ਮੈਡੀਕਲ ਕੈਂਪ ਦੇ ਉਪਰਾਲੇ ਸ਼ਲਾਘਾਯੋਗ - ਸੁੱਖ ਅੰਜਲਾ

ਪੰਜਾਬ ਦਾ ਖੁਲਾਸਾ

**ਅੰਮ੍ਰਿਤਸਰ, 17 ਨਵੰਬਰ (ਦਿਨੇਸ਼ ਸੋਨੀ)** - ਉਘੀ ਐਨ.ਜੀ. ਮਾਝਾ ਵੈਲਫੇਅਰ ਸੋਸਾਇਟੀ ਅੰਮ੍ਰਿਤਸਰ ਵੱਲੋਂ ਪ੍ਰਧਾਨ ਗੁਰਪ੍ਰੀਤ ਸਿੰਘ ਪ੍ਰਿੰਸ ਗੁੰਮਟਾਲਾ ਦੀ ਦੇਖ-ਰੇਖ ਵਿੱਚ ਜਨਤਾ ਹਸਪਤਾਲ ਏਅਰਪੋਰਟ ਰੋਡ ਦੇ ਸਹਿਯੋਗ ਨਾਲ ਉੱਤਰ ਭਾਰਤ ਦੇ ਪ੍ਰਸਿੱਧ ਦਿਲ ਦੇ ਰੋਗਾਂ ਦੇ ਮਾਹਿਰ ਸਰਜਨ ਡਾ.ਮੰਨਨ ਆਨੰਦ ਅਤੇ ਸ਼ੂਗਰ ਰੋਗਾਂ ਦੀ ਮਾਹਿਰ ਡਾ.ਮੈਕਸਿਮਾ ਆਨੰਦ ਦੀ ਅਗਵਾਈ ਵਿੱਚ ਪਿੰਡ ਮਾਲਾਂਵਾਲੀ ਮੁਫਤ ਦਿਲ ਅਤੇ ਸ਼ੂਗਰ ਦੀਆਂ ਬਿਮਾਰੀਆਂ ਦਾ ਮੈਡੀਕਲ ਚੈਕਅੱਪ ਕੈਂਪ ਲਗਾਇਆ ਗਿਆ।ਜਿਸ ਵਿੱਚ ਡਾ.ਗੁਰਮੀਤ ਸਿੰਘ ਚਾਹਲ ਅਤੇ ਡਾ.ਵਿਸ਼ਾਲ ਸਲਵਾਨ ਨੇ ਲਗਭਗ 100 ਮਰੀਜ਼ਾਂ ਦੀ ਮੁਫਤ ਜਾਂਚ ਕੀਤੀ ਅਤੇ ਉਨ੍ਹਾਂ ਨੂੰ ਮੁਫਤ ਦਵਾਈਆਂ ਦਿੱਤੀਆਂ ਗਈਆਂ।ਇਸ ਕੈਂਪ ਦਾ ਉਦਘਾਟਨ ਸੀਨੀਅਰ ਕਾਂਗਰਸੀ ਆਗੂ ਸੁੱਖਵਿੰਦਰ ਸਿੰਘ ਸੁੱਖ ਅੰਜਲਾ ਵੱਲੋਂ ਕੀਤਾ ਗਿਆ ਜਦਕਿ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਸਾਬਕਾ ਸੀਨੀਅਰ ਡਿਪਟੀ ਮੇਅਰ ਰਮਨ ਬਖਸ਼ੀ,ਸੀਨੀਅਰ ਆਗੂ ਅਰੁਣ




ਜੋਸ਼ੀ,ਸਰਪੰਚ ਮਹਾਂਵੀਰ ਸਿੰਘ ਸ਼ਾਮਿਲ ਹੋਏ।ਇਸ ਮੌਕੇ ਅੰਜਲਾ ਨੇ ਡਾ.ਮੰਨਨ ਆਨੰਦ ਵੱਲੋਂ ਸਮੇਂ-ਸਮੇਂ 'ਤੇ ਲੋੜਵੰਦ ਲੋਕਾਂ ਲਈ ਲਗਾਏ ਜਾਂਦੇ ਕੈਂਪਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਨ੍ਹਾਂ ਕੈਂਪਾਂ ਵਿੱਚ ਲੋੜਵੰਦ ਲੋਕਾਂ ਨੂੰ ਬਹੁਤ ਫਾਇਦਾ ਹੁੰਦਾ ਹੈ।ਇਸ ਮੌਕੇ ਰਮਨ ਬਖਸ਼ੀ ਅਤੇ ਅਰੁਣ ਜੋਸ਼ੀ ਨੇ ਕਿਹਾ ਕਿ ਸਮਾਜ ਸੇਵੀਂ ਸੰਸਥਾਵਾਂ ਨੂੰ ਅਜਿਹੇ ਉਪਰਾਲੇ ਕਰਦੇ ਰਹਿਣਾ ਚਾਹੀਦਾ ਹੈ।ਅੰਤ ਵਿੱਚ ਗੁਰਪ੍ਰੀਤ ਸਿੰਘ ਪ੍ਰਿੰਸ ਨੇ ਆਏ ਹੋਏ ਵਿਸ਼ੇਸ਼ ਮਹਿਮਾਨਾਂ,ਡਾਕਟਰਾਂ ਅਤੇ ਸੋਸਾਇਟੀ ਦੇ ਮੈਂਬਰਾਂ ਨੂੰ ਸਨਮਾਨਿਤ ਕੀਤਾ।ਇਸ ਮੌਕੇ ਹਰਪ੍ਰੀਤ ਸਿੰਘ ਵਿੱਕੀ,ਬਚਿੱਤਰ ਸਿੰਘ,ਜਗਤਾਰ ਸਿੰਘ,ਤਰਸੇਮ ਸਿੰਘ, ਸਰਬ ਸੰਧੂ,ਸਨਮਦੀਪ ਸਿੰਘ, ਰਾਹੁਲ,ਗੁਰਭੇਜ ਸਿੰਘ, ਅੰਮ੍ਰਿਤਪਾਲ ਸਿੰਘ, ਮਨਿੰਦਰ ਸਿੰਘ, ਸਤਬੀਰ ਸਿੰਘ,ਗੁਰਜੀਤ ਸਿੰਘ, ਦਿਲਬਾਗ ਸਿੰਘ,ਅਮਰਜੀਤ ਸਿੰਘ, ਦਲਬੀਰ ਸਿੰਘ ਕੁੱਕੂ,ਨਵਜੀਤ ਸਿੰਘ, ਸਵਿੰਦਰ ਸਿੰਘ,ਮੁੱਖਤਿਆਰ ਸਿੰਘ, ਮਲਕੀਤ ਸਿੰਘ,ਅਮਨ ਸਿੰਘ,ਸਾਖਸ਼ੀ ਠਾਕੁਰ, ਅਵਨਤੀਕਾ ਠਾਕੁਰ,ਆਦਿ ਹਾਜ਼ਰ ਸਨ।



# ਸ਼ਹੀਦ ਬਾਬਾ ਦੀਪ ਸਿੰਘ ਵੈਲਫੇਅਰ ਸੁਸਾਇਟੀ ਦੀ ਮਹੀਨਾ ਵਾਰ ਮੀਟਿੰਗ ਹੋਈ

ਪੰਜਾਬ ਦਾ ਖੁਲਾਸਾ

**ਬਠਿੰਡਾ 17 ਨਵੰਬਰ (ਸੁਰਿੰਦਰਪਾਲ ਸਿੰਘ)**:- ਸ਼ਹੀਦ ਬਾਬਾ ਦੀਪ ਸਿੰਘ ਵੈਲਫੇਅਰ ਸੁਸਾਇਟੀ ਵੱਲੋਂ ਅੱਜ ਮਹੀਨਾ ਵਾਰ ਮੀਟਿੰਗ ਹੋਈ, ਮੀਟਿੰਗ ਦੇ ਵਿੱਚ ਨਸ਼ਿਆਂ ਨੂੰ ਖਤਮ ਕਰਨ ਲਈ ਵਿਚਾਰ ਕੀਤਾ ਗਿਆ ਅਤੇ ਪਿੰਡ ਵਿੱਚ ਵਿਕਾਸ ਕਰਾਉਣ ਸਬੰਧੀ ਸਲਾਹ ਮਸ਼ਵਰਾ ਕੀਤਾ ਗਿਆ ਜਿਸ ਵਿੱਚ ਸਾਰੇ ਮੈਂਬਰਾਂ ਨੇ ਹਾਜਰੀ ਲਵਾਈ ਉਹਨਾਂ ਦਾ ਅਸੀਂ ਧੰਨਵਾਦ ਕਰਦੇ ਹਾਂ ਸਾਰੇ ਪਿੰਡ ਵਾਸੀਆਂ ਦਾ ,ਜੋ ਸੁਸਾਇਟੀ ਨੂੰ ਸਹਿਯੋਗ ਰਹੇ ਹਨ, ਇਸ ਮੌਕੇ ਸ਼ਹੀਦ ਬਾਬਾ ਦੀਪ ਸਿੰਘ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਮੇਵਾ ਸਿੰਘ ਖਾਲਸਾ, ਵਾਈਸ ਪ੍ਰਧਾਨ ਜੁਗਪ੍ਰੀਤ ਸਿੰਘ ਬਰਾੜ ,ਅਤੇ ਪ੍ਰਭਜੋਤ ਸਿੰਘ ਮੱਕੜ ਲੇਖਾਕਾਰ ਅਤੇ ,ਡਾਕਟਰ ਲਾਭਪ੍ਰੀਤ ਸਿੰਘ ਦੀਨਾ ਪਬਲਿਕ ਸਕੈਟਰੀ, ਜਰਨਲ ਸੈਕਟਰੀ ਜਗਮੀਤ ਸਿੰਘ , ਰਜਿੰਦਰ ਸਿੰਘ ਕੀਪਾ ਪ੍ਰੈਸ ਸਕੱਤਰ ,ਸਤਨਾਮ ਸਿੰਘ ਬੱਬੂ ਸਲਾਹਕਾਰ,ਜਗਮੀਤ ਸਿੰਘ ਜਰਨਲ ਸੈਕਟਰੀ ਤੇ ਨਾਲ ਸਹਿਯੋਗ ਦੇ ਰਹੇ ਸ਼ਹੀਦ ਬਾਬਾ ਜੀਵਨ ਸਿੰਘ ਯੁਵਕ ਸੇਵਾਵਾਂ ਕਲੱਬ ਦੇ ਜਨਰਲ ਸਕੱਤਰ ਗੁਲਾਬ ਸਿੰਘ ਗਿੱਲ ਹਾਜ਼ਰ ਸਨ।

# ਜੇ.ਸੀ.ਟੀ ਮਿੱਲ ਮਜ਼ਦੂਰਾਂ ਨੇ ਜੇਸੀਟੀ ਮਿੱਲ ਮਜ਼ਦੂਰ ਯੂਨੀਅਨ ਬਣਾਈ, ਰਵੀ ਸਿੱਧੂ ਬਣੇ

ਪੰਜਾਬ ਦਾ ਖੁਲਾਸਾ

**ਫਗਵਾੜਾ, 17 ਨਵੰਬਰ (ਪ੍ਰੀਤ ਕੌਰ ਪ੍ਰੀਤੀ.)** ਜੇ.ਸੀ.ਟੀ ਮਿੱਲ ਮਾਲਕਾਂ ਤੋਂ ਆਪਣੇ ਬਕਾਏ ਲਈ ਸੰਘਰਸ਼ ਕਰ ਰਹੇ ਸੈਂਕੜੇ ਮਜ਼ਦੂਰਾਂ ਦੀ ਅੱਜ ਥਾਪਰ ਕਲੋਨੀ ਵਿਖੇ ਤੂਫਾਨੀ ਮੀਟਿੰਗ ਹੋਈ। ਇਸ ਦੌਰਾਨ ਹਾਜ਼ਰ ਵਰਕਰਾਂ ਦੇ ਸਮੂਹ ਨੇ ਇੱਕ ਆਵਾਜ਼ ਵਿੱਚ ਕਿਹਾ ਕਿ ਇੰਡੀਅਨ ਨੈਸ਼ਨਲ ਟਰੇਡ ਯੂਨੀਅਨ ਕਾਂਗਰਸ (ਇੰਟਕ) ਆਪਣੇ ਹੱਕਾਂ ਦੀ ਲੜਾਈ ਲੜਨ ਵਿੱਚ ਪੂਰੀ ਤਰ੍ਹਾਂ ਫੇਲ੍ਹ ਹੋ ਚੁੱਕੀ ਹੈ। ਕਿਉਂਕਿ ਫਗਵਾੜਾ ਪ੍ਰਧਾਨ ਅਤੇ ਇੰਟਕ ਦੀ ਸਟੇਟ ਬਾਡੀ ਵੱਲੋਂ ਨਿਯੁਕਤ ਅਧਿਕਾਰੀ ਮਿੱਲ ਮਾਲਕਾਂ ਨਾਲ ਮਿਲੀਭੁਗਤ ਕਰਕੇ ਕੁਝ ਕੁ ਮਜ਼ਦੂਰਾਂ ਦੀਆਂ ਤਨਖ਼ਾਹਾਂ ਅਤੇ ਭੱਤੇ ਪ੍ਰਾਪਤ ਕਰਕੇ ਮਾਮਲੇ ਨੂੰ ਲਟਕਾਉਣਾ ਚਾਹੁੰਦੇ ਹਨ। ਜਦੋਂਕਿ ਮਿੱਲ ਦੇ ਤਿੰਨ ਹਜ਼ਾਰ ਦੇ ਕਰੀਬ ਮਜ਼ਦੂਰ ਰਵੀ ਸਿੱਧੂ ਦੀ ਅਗਵਾਈ ਹੇਠ ਲੰਮੇ ਸਮੇਂ ਤੋਂ ਆਪਣੇ ਹੱਕਾਂ ਲਈ ਸੰਘਰਸ਼ ਕਰ ਰਹੇ ਹਨ। ਮਿੱਲ ਕਾਮਿਆਂ ਨੇ ਰੋਹ ਭਰੀ ਆਵਾਜ਼ ਵਿੱਚ ਕਿਹਾ ਕਿ 12 ਨਵੰਬਰ ਨੂੰ ਜਦੋਂ ਮਿੱਲ ਮਾਲਕਾਂ ਖ਼ਿਲਾਫ਼ ਐਫ.ਆਈ.ਆਰ. ਹਜ਼ਾਰਾਂ ਦੀ ਗਿਣਤੀ ਵਿੱਚ ਮਜ਼ਦੂਰ ਰਜਿਸਟਰੇਸ਼ਨ ਕਰਵਾਉਣ ਲਈ ਮਿੱਲ ਦੇ ਗੇਟ 'ਤੇ ਇਕੱਠੇ ਹੋਏ ਸਨ ਅਤੇ ਫਗਵਾੜਾ ਪ੍ਰਧਾਨ ਦਾ ਮੌਕੇ ਤੋਂ ਨਾ ਹੋਣਾ ਇਸ ਗੱਲ ਦਾ ਪ੍ਰਤੱਖ ਸਬੂਤ ਹੈ ਕਿ ਇੰਟਕ ਅਧਿਕਾਰੀਆਂ ਦੀ ਮਿੱਲ ਮਾਲਕਾਂ ਨਾਲ ਅੰਦਰੂਨੀ ਸਾਂਝ ਹੈ। ਇਸ ਦੌਰਾਨ ਸਮੂਹ ਵਰਕਰਾਂ ਨੇ ਆਪਸੀ ਤੌਰ 'ਤੇ ਇੰਟਕ ਯੂਨੀਅਨ ਛੱਡ ਕੇ ਜੇਸੀਟੀ ਮਿੱਲ ਮਜ਼ਦੂਰ ਯੂਨੀਅਨ ਬਣਾਉਣ ਦਾ ਐਲਾਨ ਕੀਤਾ। ਜਿਸ ਤਹਿਤ ਪੰਦਰਾਂ ਸੌ ਦੇ ਕਰੀਬ ਵਰਕਰਾਂ ਨੇ ਲਿਖਤੀ ਰੂਪ ਵਿੱਚ ਆਪਣਾ ਸਮਰਥਨ ਦਿੱਤਾ ਅਤੇ ਰਵੀ ਸਿੱਧੂ ਨੂੰ ਪ੍ਰਧਾਨ ਨਾਮਜ਼ਦ ਕੀਤਾ। ਜਿਸ ਤੋਂ ਬਾਅਦ ਰਵੀ ਸਿੱਧੂ ਨੇ ਸਰਬਸੰਮਤੀ ਨਾਲ ਆਪਣੀ ਬਾਡੀ ਬਣਾਈ ਅਤੇ ਸੁਨੀਲ ਪਾਂਡੇ ਨੂੰ ਚੇਅਰਮੈਨ, ਸ਼ਰਧਾਨੰਦ ਸਿੰਘ ਨੂੰ ਮੀਤ ਪ੍ਰਧਾਨ, ਨਵਲ ਕਿਸ਼ੋਰ ਸਿੰਘ ਨੂੰ ਜਨਰਲ ਸਕੱਤਰ, ਅਨਿਲ ਮਿਸ਼ਰਾ ਨੂੰ ਸਕੱਤਰ, ਧਰਮਿੰਦਰ ਸਿੰਘ ਨੂੰ ਕੈਸ਼ੀਅਰ, ਮਦਨ ਕੁਮਾਰ ਮਿਸ਼ਰਾ ਨੂੰ ਮੀਡੀਆ ਇੰਚਾਰਜ ਨਿਯੁਕਤ ਕੀਤਾ। ਕਾਰਜਕਾਰਨੀ ਮੈਂਬਰਾਂ ਵਿੱਚ ਤਰੁਣ ਸ਼ਰਮਾ ਲੱਕੀ, ਜਸਵੀਰ ਜੱਸੀ, ਰਾਮ



ਈਸ਼ਵਰ ਕੁਮਾਰ, ਜਤਿੰਦਰ ਕੁਮਾਰ, ਰਾਮ ਭਰੋਸੇ ਯਾਦਵ, ਸੰਤੋਸ਼ ਕੁਮਾਰ, ਸਾਗਰ ਸ਼ਰਮਾ, ਬੱਚੂ ਸਿੰਘ, ਸੰਤੋਸ਼ ਪਾਂਡੇ, ਰਜਿੰਦਰ ਯਾਦਵ, ਸਤਿਆਨਾਰਾਇਣ ਸਿੰਘ ਤੋਂ ਇਲਾਵਾ ਪੁਸ਼ਪਾ ਦੇਵੀ, ਗੀਤਾ ਤਿਵਾੜੀ, ਰਿਧੀ ਦੇਵੀ ਸ਼ਾਮਲ ਹਨ ਕੀਤਾ ਜਾਵੇ। ਨਵ-ਨਿਯੁਕਤ ਪ੍ਰਧਾਨ ਰਵੀ ਸਿੱਧੂ ਨੇ ਸਮੂਹ ਮਜ਼ਦੂਰ ਭਾਈਚਾਰੇ ਨੂੰ ਭਰੋਸਾ ਦਿਵਾਇਆ ਕਿ ਜਿਸ ਤਰ੍ਹਾਂ ਮਿੱਲ ਮਾਲਕਾਂ ਸਮੀਰ ਥਾਪਰ ਅਤੇ ਮੁਕੁਲਿਕਾ ਸਿਨਹਾ ਵਿਰੁੱਧ ਐਫ.ਆਈ.ਆਰ. ਇਸੇ ਤਰ੍ਹਾਂ ਬਾਕੀ ਸਾਰੇ ਮੁਲਜ਼ਮਾਂ ਖ਼ਿਲਾਫ਼ ਤੁਰੰਤ ਕਾਰਵਾਈ ਕਰਨ ਲਈ ਪੁਲੀਸ ਤੇ ਪ੍ਰਸ਼ਾਸਨ 'ਤੇ ਦਬਾਅ ਬਣਾਇਆ ਜਾਵੇਗਾ। ਉਨ੍ਹਾਂ ਮਿੱਲ ਪ੍ਰਬੰਧਕਾਂ ਨੂੰ ਸਪੱਸ਼ਟ ਸ਼ਬਦਾਂ ਵਿੱਚ ਚੇਤਾਵਨੀ ਵੀ ਦਿੱਤੀ ਕਿ ਜਦੋਂ ਤੱਕ ਹਰੇਕ ਮਜ਼ਦੂਰ ਨੂੰ ਉਸ ਦੇ ਹੱਕ ਦੀ ਪੂਰੀ ਰਕਮ ਅਦਾ ਨਹੀਂ ਕੀਤੀ ਜਾਂਦੀ, ਉਦੋਂ ਤੱਕ ਮਿੱਲ ਦੀ ਇੱਕ ਸੂਈ ਵੀ ਮਿੱਲ ਤੋਂ ਬਾਹਰ ਨਹੀਂ ਜਾਣ ਦਿੱਤੀ ਜਾਵੇਗੀ। ਉਨ੍ਹਾਂ ਸਖ਼ਤ ਚੇਤਾਵਨੀ ਦਿੰਦਿਆਂ ਕਿਹਾ ਕਿ ਜੋ ਕੋਈ ਵੀ ਮਿੱਲ ਦਾ ਮਾਲ ਚੁੱਕਣ ਲਈ ਮਿੱਲ ਵਿੱਚ ਦਾਖ਼ਲ ਹੋਵੇਗਾ, ਉਹ ਆਪਣੀ ਮਰਜ਼ੀ ਨਾਲ ਆਵੇਗਾ ਪਰ ਮਜ਼ਦੂਰਾਂ ਦੀ ਮਰਜ਼ੀ ਅਨੁਸਾਰ ਹੀ ਵਾਪਸ ਜਾਵੇਗਾ।

# ਸੰਤ ਆਸ਼ਰਮ ਜਗਰਾਓ ਵਿਖੇ ਧਾਰਮਿਕ ਦੀਵਾਨ ਸਜਾਏ

ਪੰਜਾਬ ਦਾ ਖੁਲਾਸਾ

**ਬੱਧਨੀ ਕਲਾਂ, 17 ਨਵੰਬਰ ( ਪ ਪ)**- - ਸੰਤ ਜਗਜੀਤ ਸਿੰਘ ਜੀ ਲੋਪੋ ਵਾਲਿਆ ਵੱਲੋ ਸੰਤ ਆਸ਼ਰਮ ਜਗਰਾਓ ਵਿਖੇ ਧਾਰਮਿਕ ਦੀਵਾਨ ਸਜਾਏ ਗਏ। ਇਸ ਦੀਵਾਨਾਂ ਸਮੇ ਸੰਤ ਜਗਜੀਤ ਸਿੰਘ ਜੀ ਵੱਲੋ ਗੁਰਬਾਣੀ ਦੀ ਕਥਾ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਸਮੇਂ ਜਥੇਦਾਰ ਰਜਿੰਦਰ



ਸਿੰਘ ਜਗਰਾਓ, ਫੌਜੀ ਸਰੂਪ ਸਿੰਘ, ਮਹਿੰਦਰ ਸਿੰਘ, ਮਾਸਟਰ ਬਲਦੇਵ ਸਿੰਘ ਸੁਧਾਰ, ਧਰਮ ਸਿੰਘ ਕਲਕੱਤਾ, ਭਗਵਾਨ ਸਿੰਘ ਮੁੱਲਾਂਪੁਰ, ਨਿਰਮਲ ਸਿੰਘ ਫਤਿਹਗੜ੍ਹ ਕੋਰੋਟਾਨਾ, ਬਿੱਟੂ ਚੌਂਕੀਮਾਨ, ਹਰਜਿੰਦਰ ਸਿੰਘ ਖਡੂਰ, ਹੈਡ ਗ੍ਰੰਥੀ ਗੁਰਦੇਵ ਸਿੰਘ, ਅਜਮੇਰ ਸਿੰਘ ਅਜੀਤਵਾਲ, ਮਾਸਟਰ ਮਹਿੰਦਰ ਸਿੰਘ ਮੋਗਾ, ਜਗਜੀਤ ਸਿੰਘ ਜੱਗਾ, ਹਰਨਾਮ ਸਿੰਘ ਨਾਮਾ, ਤਰਸੇਮ ਸਿੰਘ ਸੇਮਾ, ਦਰਸ਼ਨ ਸਿੰਘ ਜਗਰਾਉਂ, ਪ੍ਰੇਮ ਸਿੰਘ ਜਗਰਾਓ, ਜੁਗਰਾਜ ਸਿੰਘ, ਰਾਜਾ ਗਾਲਿਬ, ਕੁਲਵੰਤ ਸਿੰਘ ਮਿਸਤਰੀ, ਪ੍ਰਿਤਪਾਲ ਸਿੰਘ ਜਗਰਾਓ, ਮਨਜੀਤ ਸਿੰਘ ਲਾਡੀ, ਗੁਰਮੇਲ ਸਿੰਘ ਰਾਮਗੜ੍ਹ, ਬੱਬੂ ਲੁਧਿਆਣਾ, ਸੁਦਾਗਰ ਸਿੰਘ ਰਸੂਲਪੁਰ, ਸੰਤੋਖ ਸਿੰਘ ਅਕਾਲਗੜ੍ਹ, ਪਿਆਰਾ ਸਿੰਘ ਯੂ ਐਸ ਏ, ਸੈਕਟਰੀ ਬਲਵੀਰ ਸਿੰਘ ਭਨੋਹੜ, ਹੌਲਦਾਰ ਗਿਆਨ ਸਿੰਘ, ਬਿੱਲੂ ਸਿੰਘ, ਚਮਕੌਰ ਸਿੰਘ ਕਾਨੂੰਗੋ, ਗੁਰਮੀਤ ਸਿੰਘ ਲੁਧਿਆਣਾ ਅਤੇ ਮਨਪ੍ਰੀਤ ਸਿੰਘ ਮੰਤਰੀ ਬੀੜ ਰਾਉਕੇ ਹਾਜ਼ਰ ਸਨ।

# ਮਾਸਟਰ ਕੇਡਰ ਯੂਨੀਅਨ ਦਾ ਗਠਨ, ਜਗਜੀਤ ਸਿੰਘ ਸਾਹਨੇਵਾਲ ਬਣੇ ਉਪ ਪ੍ਰਧਾਨ ਪੰਜਾਬ

ਪੰਜਾਬ ਦਾ ਖੁਲਾਸਾ



**ਸਾਹਨੇਵਾਲ 17 ਨਵੰਬਰ ( ਜੇ ਐਸ ਖੰਨਾ)** ਮਾਸਟਰ ਕੇਡਰ ਯੂਨੀਅਨ ਪੰਜਾਬ ਦਾ ਸੂਬਾ ਪੱਧਰੀ ਇਜਲਾਸ ਬੀ ਆਰ ਅੰਬੇਦਕਰ ਕਲੱਬ ਵਿਖੇ ਹੋਇਆ।ਇਸ ਬਾਰੇ ਜ਼ਿਲ੍ਹਾ ਲੁਧਿਆਣਾ ਦੇ ਪ੍ਰੈਸ ਸਕੱਤਰ ਗੁਰਪ੍ਰੀਤ ਸਿੰਘ ਦੋਰਾਹਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਇਜਲਾਸ ਦੌਰਾਨ ਸੂਬਾ ਪੱਧਰੀ ਕਮੇਟੀ ਦਾ ਗਠਨ ਕੀਤਾ ਗਿਆ।ਜਿਸ ਵਿੱਚ ਜ਼ਿਲ੍ਹਾ ਲੁਧਿਆਣਾ ਨੂੰ ਸਟੇਟ ਕਮੇਟੀ ਵਿੱਚ ਨੁਮਾਇੰਦਗੀ ਦਿੰਦੇ ਹੋਏ ਬਹੁਤ ਲੰਬੇ ਸਮੇਂ ਤੋਂ ਯੂਨੀਅਨ ਵਿੱਚ ਸ਼ਾਨਦਾਰ ਸੇਵਾਵਾਂ ਨਿਭਾਅ ਰਹੇ ਅਤੇ ਕੇਡਰ ਦੇ ਹਿੱਤਾਂ ਲਈ ਸਿਰ ਧੜ ਦੀ ਬਾਜੀ ਲਗਾਉਣ ਵਾਲੇ ਸੀਨੀਅਰ ਆਗੂ ਜਗਜੀਤ ਸਿੰਘ ਸਾਹਨੇਵਾਲ ਨੂੰ ਸਰਬ ਸੰਮਤੀ ਨਾਲ ਉਪ ਪ੍ਰਧਾਨ ਚੁਣਿਆ ਗਿਆ।ਇਸ ਮੌਕੇ ਜਗਜੀਤ ਸਿੰਘ ਸਾਹਨੇਵਾਲ ਨੇ ਸਟੇਟ ਚੋਣ ਕਮੇਟੀ ਦਾ ਉਹਨਾਂ ਨੂੰ ਉਪ ਪ੍ਰਧਾਨ ਚੁਣੇ ਜਾਣ ਤੇ ਧੰਨਵਾਦ ਕੀਤਾ ਅਤੇ ਵਿਸ਼ਵਾਸ ਦਿਵਾਇਆ ਕਿ ਉਹ ਕੇਡਰ ਦੀਆਂ ਮੰਗਾਂ ਨੂੰ ਸਰਕਾਰ ਅੱਗੇ ਪੂਰੇ ਜ਼ੋਰ ਨਾਲ ਉਠਾਉਣਗੇ।ਇਸ ਮੌਕੇ ਜ਼ਿਲ੍ਹਾ ਇਕਾਈ ਲੁਧਿਆਣਾ ਤੋਂ ਜ਼ਿਲ੍ਹਾ ਸਰਪ੍ਰਸਤ ਸੁਖਵੰਤ ਸਿੰਘ, ਵਿੱਤ ਸਕੱਤਰ ਸਵਰਨ ਸਿੰਘ , ਜਨਰਲ ਸਕੱਤਰ ਮਨਦੀਪ ਸਿੰਘ ਸੇਖੋਂ, ਪ੍ਰੈੱਸ ਸਕੱਤਰ ਗੁਰਪ੍ਰੀਤ ਸਿੰਘ ,ਮੀਤ ਪ੍ਰਧਾਨ ਰਾਜਵਿੰਦਰ ਸਿੰਘ , ਬਲਾਕ ਪ੍ਰਧਾਨ ਲੁਧਿਆਣਾ 1ਹਰਜਿੰਦਰ ਸਿੰਘ ਖੱਖ, ਬਲਾਕ ਪ੍ਰਧਾਨ ਸਿੱਧਵਾਂ ਬੇਟ ਹਰਵਿੰਦਰ ਸਿੰਘ, ਰਣਦੀਪ ਸਿੰਘ , ਨਵੀਨ ਕਪਿਲਾ , ਹਰਜਿੰਦਰ ਸਿੰਘ , ਨਵਦੀਪ ਪਾਠਕ ,ਸੁਖਵਿੰਦਰ ਸਿੰਘ , ਕੰਵਲਪ੍ਰੀਤ ਸਿੰਘ ਆਦਿ ਮੈਂਬਰ ਹਾਜ਼ਰ ਹੋਏ ।

# ਝੋਨੇ ਦੀ ਪਰਾਲੀ ਖੇਤਾਂ ਵਿਚ ਸੰਭਾਲ ਕੇ ਹੈਪੀ ਸੀਡਰ ਨਾਲ ਕਣਕ ਦੀ ਬਿਜਾਈ ਕਰ ਰਿਹਾ ਉੱਦਮੀ ਕਿਸਾਨ : ਗੁਰਪਿਆਰ ਸਿੰਘ

ਪੰਜਾਬ ਦਾ ਖੁਲਾਸਾ

**ਫਰੀਦਕੋਟ: 17 ਨਵੰਬਰ (ਗੁਰਦੀਪ ਸਿੰਘ ਢਿੱਲੋਂ)** ਸਾਲ 2024-25 ਦੌਰਾਨ ਡਿਪਟੀ ਕਮਿਸ਼ਨਰ ਸ਼੍ਰੀ ਵਿਨੀਤ ਕੁਮਾਰ ਦੀ ਅਗਵਾਈ ਹੇਠ ਜ਼ਿਲਾ ਪ੍ਰਸ਼ਾਸਨ ਵੱਲੋਂ ਜ਼ਿਲ੍ਹਾ ਫ਼ਰੀਦਕੋਟ ਵਿੱਚ ਝੋਨੇ ਦੀ ਪਰਾਲੀ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਨੂੰ ਜ਼ੀਰੋ ਪੱਧਰ ਤੇ ਲਿਆਉਣ ਦੇ ਮਿਥੇ ਟੀਚੇ ਦੀ ਪੂਰਤੀ ਲਈ ਜ਼ਿਲਾ ਪ੍ਰਸ਼ਾਸ਼ਨ ਵੱਲੋਂ ਵੱਡੇ ਪੱਧਰ ਤੇ ਉਪਰਾਲੇ ਕੀਤੇ ਜਾ ਰਹੇ ਹਨ ਇਸ ਦੇ ਨਾਲ ਹੀ ਬਹੁਤ ਸਾਰੇ ਕਿਸਾਨਾਂ ਵੱਲੋਂ ਵੀ ਅਜਿਹੇ ਉਪਰਾਲੇ ਕੀਤੇ ਜਾ ਰਹੇ ਹਨ ਜਿਸ ਨਾਲ ਝੋਨੇ ਦੀ ਪਰਾਲੀ ਨੂੰ ਖੇਤ ਵਿਚ ਸੰਭਾਲਣ ਦੀ ਕਿਸਾਨਾਂ ਅੰਦਰ ਰੁਚੀ ਵਧ ਰਹੀ ਹੈ।ਅਜਿਹੇ ਕਿਸਾਨਾਂ ਵਿੱਚ ਪਿੰਡ ਭਾਗਥਲਾ ਦਾ ਰਹਿਣਵਾਲਾ ਅਗਾਂਹਵਧੂ ਕਿਸਾਨ ਸ਼੍ਰੀ ਗੁਰਪਿਆਰ ਸਿੰਘ ਹੈ ਜੋ ਪਿਛਲੇ ਦੋ ਸਾਲਾਂ ਤੋ ਝੋਨੇ ਦੀ ਪਰਾਲੀ ਨੂੰ ਖੇਤ ਵਿੱਚ ਵਾਹ ਕੇ ਹੈਪੀ ਸੀਡਰ ਨਾਲ ਕਣਕ ਦੀ ਬਿਜਾਈ ਕਰ ਰਿਹਾ ਹੈ । ਇਸ ਤਰਾਂ ਇਹ ਕਿਸਾਨ ਦੂਸਰੇ ਕਿਸਾਨਾਂ ਲਈ ਇੱਕ ਮਿਸਾਲ ਬਣ ਕੇ ਕਿਸਾਨਾਂ ਲਈ ਚਾਨਣ ਮੁਨਾਰੇ ਵਜੋਂ ਸਮਾਜ ਵਿਚ ਵਿਚਰ ਰਿਹਾ ਹੈ।ਪਿੰਡ ਭਾਗਥਲਾ ਕਲਾਂ ਦਾ ਕਿਸਾਨ ਗੁਰਪਿਆਰ ਸਿੰਘ ਸੁਪਰ ਐੱਸ ਐੱਮ ਐਸ ਕੰਬਾਈਨ ਨਾਲ ਵਢਾਏ ਗਏ ਝੋਨੇ ਦੀ ਪਰਾਲੀ ਨੂੰ ਬਿਨ੍ਹਾਂ ਸਾੜਿਆਂ ਕਣਕ ਦੀ ਹੈਪੀ ਸੀਡਰ ਨਾਲ ਬਿਜਾਈ ਕਰਕੇ ਜਿੱਥੇ ਦੂਜੇ ਕਿਸਾਨਾਂ ਲਈ ਰਾਹ ਦਸੇਰਾ ਬਣ ਰਿਹਾ ਹੈ, ਉੱਥੇ ਖੇਤ ਦੀ ਵਹਾਈ ਉੱਤੇ ਹੋਣ ਵਾਲਾ ਆਪਣਾ ਖਰਚਾ ਵੀ ਬਚਾਅ ਰਿਹਾ ਹੈ। ਉਕਤ ਕਿਸਾਨ ਨੇ ਪਿਛਲੇ ਵਰ੍ਹੇ ਦੋ ਏਕੜ ਕਣਕ ਹੈਪੀ ਸੀਡਰ ਨਾਲ ਬੀਜੀ ਸੀ ਤੇ ਇਸ ਵਰ੍ਹੇ ਛੇ ਏਕੜ ਕਣਕ ਦੀ ਬਿਜਾਈ ਹੈਪੀ ਸੀਡਰ ਨਾਲ ਕੀਤੀ ਹੈ। ਕਿਸਾਨ ਨੇ ਦੱਸਿਆਂ ਕਿ ਇਸ ਵਰ੍ਹੇ ਉਸਨੇ ਛੇ ਏਕੜ ਕਣਕ ਦੀ ਸਿੱਧੀ ਬਿਜਾਈ ਹੈਪੀ ਸੀਡਰ ਨਾਲ ਕੀਤੀ ਹੈ। ਇਸ ਨਾਲ ਕਣਕ ਬੀਜਣ ਲਈ ਇੱਕ ਏਕੜ ਦੀ ਤੀਹਰੀ ਵਹਾਈ 'ਤੇ ਲੱਗਣ ਵਾਲੇ 25 ਲਿਟਰ ਦੇ ਕਰੀਬ ਡੀਜ਼ਲ ਦੀ ਬੱਚਤ ਹੋਈ ਹੈ। ਕਿਸਾਨ ਨੇ ਦੱਸਿਆ ਕਿ ਪਿੱਛਲੇ ਸਾਲ ਹੈਪੀ ਸੀਡਰ ਨਾਲ ਕਣਕ ਦੀ ਬਿਜਾਈ ਕਰਨ ਨਾਲ ਉਸਦਾ ਔਸਤਨ ਝਾੜ 63 ਮਣ ਪ੍ਰਤੀ ਏਕੜ ਰਿਹਾ ਅਤੇ ਜ਼ਮੀਨ ਦੀ ਉਪਜਾਊ ਸ਼ਕਤੀ ਵਿੱਚ ਵੀ ਵਾਧਾ ਹੋਇਆ। ਇਸ ਮੌਕੇ ਮੌਜੂਦ ਡਾ. ਰਾਜਵੀਰ ਸਿੰਘ ਖੇਤੀਬਾੜੀ ਵਿਕਾਸ ਅਫ਼ਸਰ ਨੇ ਦੱਸਿਆਂ ਕਿ




ਇਸ ਤਕਨੀਕ ਨਾਲ ਕਣਕ ਬੀਜਣ ਵਿੱਚ ਨਦੀਨਾਂ ਦੀ ਸਮੱਸਿਆ ਵੀ ਨਹੀਂ ਆਉਂਦੀ। ਉਹਨਾਂ ਹੋਰਨਾਂ ਕਿਸਾਨਾਂ ਨੂੰ ਸਲਾਹ ਦਿੰਦੇ ਕਿਹਾ ਕਿ ਹੈਪੀ ਸੀਡਰ ਨਾਲ ਕਣਕ ਬੀਜਣ ਸਮੇਂ ਖੇਤ ਖ਼ੁਸ਼ਕ ਨਹੀਂ ਹੋਣਾ ਚਾਹੀਦਾ ਅਤੇ ਸਹੀ ਸਮੇਂ ਵਿੱਚ ਹੀ ਕਣਕ ਦੀ ਬਿਜਾਈ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਪਰਾਲੀ ਸਾੜਨ ਨਾਲ ਪ੍ਰਦੂਸ਼ਿਤ ਹੁੰਦੇ ਵਾਤਾਵਰਨ ਨੂੰ ਵੀ ਬਚਾਇਆ ਜਾ ਸਕਿਆ ਹੈ ਅਤੇ ਹੋਰਨਾਂ ਕਿਸਾਨਾਂ ਨੂੰ ਵੀ ਪਰਾਲੀ ਸਾੜਨ ਦੀ ਥਾਂ ਹੈਪੀ ਸੀਡਰ ਨਾਲ ਕਣਕ ਦੀ ਸਿੱਧੀ ਬਿਜਾਈ ਕਰਕੇ ਆਪਣੇ ਖਰਚੇ ਘਟਾਉਣ ਤੇ ਵਾਤਾਵਰਨ ਬਚਾਉਣ ਦਾ ਸੱਦਾ ਦਿੱਤਾ ਹੈ।

ਮੁੱਖ ਖੇਤੀਬਾੜੀ ਅਫਸਰ ਡਾ. ਅਮਰੀਕ ਸਿੰਘ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਵੀ ਕਿਸਾਨ ਗੁਰਪਿਆਰ ਸਿੰਘ ਦੀ ਤਰ੍ਹਾਂ ਆਪਣੇ ਖੇਤਾਂ ਵਿੱਚ ਝੋਨੇ ਦੀ ਫਸਲ ਦੀ ਰਹਿੰਦ ਖੂੰਹਦ ਨੂੰ ਅੱਗ ਨਾ ਲਗਾਉਣ ਤਾ ਜ਼ੋ ਜਮੀਨ ਦੀ ਉਪਜਾਊ ਸ਼ਕਤੀ ਬਣੀ ਰਹੇ। ਉਨ੍ਹਾਂ ਕਿਹਾ ਕਣਕ ਦੀ ਗੁਲਾਬੀ ਸੁੰਡੀ ਦੀ ਰੋਕਥਾਮ ਲਈ ਕਣਕ ਦੇ ਬੀਜ ਨੂੰ ਬਿਜਾਈ ਤੋਂ ਪਹਿਲਾਂ 160 ਮਿਲੀ ਲਿਟਰ ਕਲੋਰੋਪਾਈਰੀਫਾਸ 20 ਜਾਂ 80 ਮਿਲੀ ਲਿਟਰ ਇਮਿਡਾਕਲੋਪ ਰਿਡ+ ਹੈਕਸਾਕੋਨਾਜ਼ੋਲ ਨਾਲ ਸੋਧ ਲੈਣਾ ਚਾਹੀਦਾ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਕਣਕ ਦੀ ਕਾਸ਼ਤ ਲਈ ਫਾਸਫੋਰਸ ਦੀ ਪੂਰਤੀ ਲਈ ਹੁਣ ਡੀ ਏ ਪੀ ਦੇ ਹੋਰ ਬਦਲ ਬਾਜ਼ਾਰ ਵਿਚ ਮੌਜੂਦ ਹਨ, ਜਿਨ੍ਹਾਂ ਵਿੱਚ ਟ੍ਰਿਪਲ ਸੁਪਰ ਫਾਸਫੇਟ ਖਾਦ ,ਸਿੰਗਲ ਸੁਪਰ ਫਾਸਫੇਟ ਅਤੇ ਹੋਰ ਫਾਸਫੈਟਿਕ ਖਾਦਾਂ ਦੇ ਨਾਮ ਸ਼ਾਮਿਲ ਹਨ। ਉਨ੍ਹਾਂ ਦੱਸਿਆ ਕਿ ਟ੍ਰਿਪਲ ਸਪਰ ਫਾਸਫੇਟ ਵਿੱਚ ਡੀ ਏ ਪੀ ਵਾਂਗੂ 46% ਫਾਸਫੋਰਸ ਤੱਤ ਹੁੰਦਾ ਹੈ ਅਤੇ ਇਸ ਦੀ ਕੀਮਤ ਪ੍ਰਤੀ ਬੋਰੀ 1250/-ਰੁਪਏ ਹੈ ਜਦ ਕਿ ਡੀ ਏ ਪੀ ਦੀ ਕੀਮਤ ਪ੍ਰਤੀ ਬੈਗ 1350/- ਰੁਪਏ ਹੈ।ਉਨ੍ਹਾਂ ਦੱਸਿਆ ਕਿ ਕਿਸਾਨ ਖਾਦ (12:32:16) ਦੀ ਵਰਤੋਂ ਵੀ ਡੀ ਏ ਪੀ ਦੇ ਬਦਲ ਵੱਜੋਂ ਵੀ ਕੀਤੀ ਜਾ ਸਕਦੀ ਹੈ ।

# ਆਧਾਰਸ਼ਿਲਾ ਸਕੂਲ ਵਿੱਚ ਬਾਲ ਦਿਵਸ ਮੌਕੇ ਵਿਸ਼ੇਸ਼ ਸਮਾਗਮ, ਅਧਿਆਪਕਾਂ ਅਤੇ ਬੱਚਿਆਂ ਨੇ ਮਿਲ ਕੇ ਮਨਾਇਆ ਬਚਪਨ ਦਾ ਤਿਉਹਾਰ

ਪੰਜਾਬ ਦਾ ਖੁਲਾਸਾ

**ਪੱਟੀ ਸਦੀਕ, 16 ਨਵੰਬਰ (ਬਲਕਰਨ ਸਿੰਘ ਮਸ਼ਾਲ)**- ਆਧਾਰਸ਼ਿਲਾ ਸਕੂਲ ਵਿੱਚ ਬਾਲ ਦਿਵਸ ਮੌਕੇ ਵਿਸ਼ੇਸ਼ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਅਧਿਆਪਕਾਂ ਨੇ ਇਸ ਦਿਨ ਦੀ ਮਹੱਤਤਾ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਬੱਚਿਆਂ ਪ੍ਰਤੀ ਸਨੇਹ ਅਤੇ ਸੇਧ ਦਾ ਸੰਦੇਸ਼ ਦਿੰਦੇ ਹੋਏ ਅਧਿਆਪਕਾਂ ਨੇ ਦੱਸਿਆ ਕਿ ਕਿਵੇਂ ਬਾਲ ਦਿਵਸ ਬੱਚਿਆਂ ਦੇ ਅਧਿਕਾਰਾਂ ਦਾ ਪ੍ਰਤੀਕ ਹੈ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕਰਦਾ ਹੈ।

ਇਸ ਮੌਕੇ ਅਧਿਆਪਕਾਂ ਅਤੇ ਬੱਚਿਆਂ ਨੇ ਮਿਲ ਕੇ ਰੰਗਾਰੰਗ ਡਾਂਸ ਪੇਸ਼ ਕੀਤਾ, ਜਿਸ ਨਾਲ ਪੂਰਾ ਮਾਹੌਲ ਉਤਸ਼ਾਹ ਅਤੇ ਖੁਸ਼ੀ ਨਾਲ ਭਰ ਗਿਆ। ਅਧਿਆਪਕਾਂ ਅਤੇ ਬੱਚਿਆਂ ਦਾ ਸਟੇਜ 'ਤੇ ਇਕੱਠੇ ਹੋਣਾ ਅਤੇ ਨੱਚਣਾ ਇੱਕ ਅਜਿਹਾ ਦ੍ਰਿਸ਼ ਸੀ ਜੋ ਬਚਪਨ ਦੀ ਮਾਸੂਮੀਅਤ ਅਤੇ ਖੁਸ਼ੀ ਨੂੰ ਜ਼ਿੰਦਾ ਕਰ ਦਿੰਦਾ ਸੀ। ਇਸ ਵਿਸ਼ੇਸ਼ ਸਮਾਗਮ ਨੇ ਨਾ ਸਿਰਫ਼ ਬੱਚਿਆਂ ਦੇ ਚਿਹਰਿਆਂ 'ਤੇ ਮੁਸਕਰਾਹਟ ਲਿਆਂਦੀ, ਸਗੋਂ ਬਾਲ ਦਿਵਸ ਦੀ ਅਸਲ ਭਾਵਨਾ, ਬੇਪਰਵਾਹੀ, ਖੁਸ਼ੀ ਅਤੇ ਮਾਸੂਮੀਅਤ ਨੂੰ ਹਰ ਕਿਸੇ ਦੇ ਦਿਲਾਂ ਵਿੱਚ ਵੀ ਉਜਾਗਰ ਕੀਤਾ। ਅਧਿਆਪਕਾਂ ਅਤੇ ਬੱਚਿਆਂ ਦੀ ਇਸ ਸਾਂਝੀ ਪੇਸ਼ਕਾਰੀ ਨੇ ਹਰ ਕਿਸੇ ਦੇ ਮਨ ਵਿੱਚ ਬਚਪਨ ਦੀਆਂ ਮਿੱਠੀਆਂ ਯਾਦਾਂ ਨੂੰ ਤਾਜ਼ਾ ਕਰ ਦਿੱਤਾ। ਆਧਾਰਸ਼ਿਲਾ ਸਕੂਲ ਵਿੱਚ ਇਸ ਬਾਲ ਦਿਵਸ ਨੇ ਸਾਰਿਆਂ ਦੇ ਦਿਲਾਂ ਵਿੱਚ ਇੱਕ ਅਭੁੱਲ ਛਾਪ ਬਣਾ ਕੇ ਰੱਖ ਦਿੱਤੀ।




# ਮਨਜਿੰਦਰ ਸਿੰਘ ਸਿਰਸਾ ਵੱਲੋਂ ਗਾਜ਼ੀਆਬਾਦ ਦੇ ਵੋਟਰਾਂ ਨੂੰ ਇਲਾਕੇ ਦੇ ਸਰਵ ਪੱਖੀ ਵਿਕਾਸ ਵਾਸਤੇ ਸੰਜੀਵ ਸ਼ਰਮਾ ਦੇ ਹੱਕ ਵੋਟਾਂ ਪਾਉਣ ਦੀ ਅਪੀਲ

## ਸਿੱਖ ਭਾਈਚਾਰੇ ਦੇ ਵਿਸ਼ਾਲ ਇਕੱਠਾਂ ਨੂੰ ਕੀਤਾ ਸੰਬੋਧਨ

ਪੰਜਾਬ ਦਾ ਖੁਲਾਸਾ

**ਫਗਵਾੜਾ,ਚੰਡੀਗੜ੍ਹ, 16 ਨਵੰਬਰ (ਪ੍ਰੀਤ ਕੌਰ ਪ੍ਰੀਤੀ)**: ਭਾਜਪਾ ਦੇ ਕੌਮੀ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਗਾਜ਼ੀਆਬਾਦ ਦੇ ਵੋਟਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਇਲਾਕੇ ਦੇ ਵਿਕਾਸ ਵਾਸਤੇ ਭਾਜਪਾ ਦੇ ਉਮੀਦਵਾਰ ਸੰਜੀਵ ਸ਼ਰਮਾ ਦੇ ਹੱਕ ਵਿਚ ਵੋਟਾਂ ਪਾਉਣ ਅਤੇ ਉਹਨਾਂ ਨੇ ਇਥੇ ਸਿੱਖ ਭਾਈਚਾਰੇ ਦੀਆਂ ਸ਼ਮੂਲੀਅਤ ਵਾਲੀਆਂ ਭਰਵੀਆਂ ਚੋਣ ਰੈਲੀਆਂ ਨੂੰ ਸੰਬੋਧਨ ਕੀਤਾ।

ਇਥੇ ਇਹਨਾਂ ਚੋਣ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਸਰਦਾਰ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਗਾਜ਼ੀਆਬਾਦ ਦਾ ਵਿਕਾਸ ਭਾਜਪਾ ਦਾ ਇਕ ਵੱਡਾ ਵਾਅਦਾ ਹੈ। ਉਹਨਾਂ ਕਿਹਾ ਕਿ ਭਾਜਪਾ ਸਿਰਫ ਤੇ ਸਿਰਫ ਲੋਕਾਂ ਦੀ ਭਲਾਈ ਅਤੇ ਵਿਕਾਸ ਕਾਰਜਾਂ ਵਾਸਤੇ ਕੰਮ ਕਰਦੀ ਹੈ ਜਦੋਂ ਕਿ ਕਾਂਗਰਸ ਪਾਰਟੀ ਆਪਣੇ ਪੁਰਾਣੇ ਪਾੜੋ ਤੇ ਰਾਜ ਕਰੋ ਦੇ ਸਿਧਾਂਤ 'ਤੇ ਕੰਮ ਕਰਦੀ ਹੈ। ਉਹਨਾਂ ਕਿਹਾ ਕਿ ਅੱਜ ਵੀ ਕਾਂਗਰਸ ਲੋਕਾਂ ਨੂੰ ਜਾਤ-ਪਾਤ ਅਤੇ ਧਰਮ ਦੇ ਨਾਂ 'ਤੇ ਵੰਡਣਾ ਚਾਹੁੰਦੀ ਹੈ ਜਦੋਂ ਕਿ ਭਾਜਪਾ ਗਰੀਬਾਂ, ਦਬੇ ਕੁਚਲਿਆਂ, ਮਹਿਲਾਵਾਂ, ਵਪਾਰੀਆਂ, ਕਿਸਾਨਾਂ ਤੇ ਸਮਾਜ ਦੇ ਹਰ ਵਰਗ ਦੀ ਭਲਾਈ ਵਾਸਤੇ ਕੰਮ ਕਰਦੀ ਹੈ। ਉਹਨਾਂ ਕਿਹਾ ਕਿ ਸਮਾਜ ਦੇ ਵੱਖ-ਵੱਖ ਵਰਗਾਂ ਦੀ ਭਲਾਈ ਤੇ ਖੁਸ਼ਹਾਲੀ ਭਾਜਪਾ ਦਾ ਮੁੱਖ ਏਜੰਡਾ ਹੈ ਤੇ ਇਹ ਜੋ ਪ੍ਰਚਾਰਦੀ ਹੈ, ਉਹੀ ਕਰਦੀ ਹੈ ਜਦੋਂ ਕਿ ਕਾਂਗਰਸ ਜੋ ਪ੍ਰਚਾਰਦੀ ਹੈ, ਉਸਦੇ ਬਿਲਕੁਲ ਉਲਟ ਕੰਮ ਕਰਦੀ ਹੈ।



ਸਰਦਾਰ ਸਿਰਸਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਐਨ ਡੀ ਏ ਸਰਕਾਰ ਨੇ ਸਿੱਖ ਕੌਮ ਵਾਸਤੇ ਬਹੁਤ ਕੁਝ ਕੀਤਾ ਹੈ। 1984 ਦੇ ਸਿੱਖ ਕਤਲੇਆਮ ਦੇ 40 ਸਾਲਾਂ ਬਾਅਦ ਸਾਨੂੰ ਨਿਆਂ ਮਿਲ ਰਿਹਾ ਹੈ ਜਦੋਂ ਕਿ ਕਾਂਗਰਸ ਦੇ ਰਾਜ ਵਿਚ ਇਹ ਸੰਭਵ ਨਹੀਂ ਸੀ ਤੇ ਉਸ ਰਾਜ ਵਿਚ ਸਿੱਖ ਕਤਲੇਆਮ ਦੇ ਦੋਸ਼ੀਆਂ ਜਗਦੀਸ਼ ਟਾਈਟਲਰ, ਸੱਜਣ ਕੁਮਾਰ ਤੇ ਕਮਲਨਾਥ ਵਰਗਿਆਂ ਨੂੰ ਵੱਡੇ-ਵੱਡੇ ਅਹੁਦੇ ਦੇ ਕੇ ਸਨਮਾਨਤ ਕੀਤਾ ਜਾਂਦਾ ਸੀ ਜਦੋਂਕਿ ਮੋਦੀ ਦੇ ਰਾਜ ਵਿਚ ਸੱਜਣ ਕੁਮਾਰ ਜੇਲ੍ਹ ਵਿਚ ਬੰਦ ਹੈ ਤੇ ਟਾਈਟਲਰ ਤੇ ਕਮਲਨਾਥ ਦੇ ਖਿਲਾਫ ਕਾਫੀ ਲੰਬੇ ਸਾਲ ਬਾਅਦ ਮੁੜ ਖੁਲ੍ਹ ਗਏ ਹਨ।

ਉਹਨਾਂ ਕਿਹਾ ਕਿ ਇਸੇ ਤਰੀਕੇ ਪ੍ਰਧਾਨ ਮੰਤਰੀ ਮੋਦੀ ਨੇ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਿਆ, ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੀ ਯਾਦ ਵਿਚ ਵੀਰ ਬਾਲ ਦਿਵਸ ਮਨਾਉਣ ਦੀ ਸ਼ੁਰੂਆਤ ਕੌਮਾਂਤਰੀ ਪੱਧਰ 'ਤੇ ਕੀਤੀ ਜਿਸ ਸਦਕਾ ਵੱਖ-ਵੱਖ ਧਰਮਾਂ, ਕੌਮਾਂ ਤੇ ਜਾਤਾਂ ਦੇ ਲੋਕਾਂ ਨੂੰ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਬਾਰੇ ਪਤਾ ਲੱਗਾ। ਉਹਨਾਂ ਕਿਹਾ ਕਿ ਇਸੇ ਤਰੀਕੇ ਸਿੱਖ ਕੌਮ ਦੇ ਮੈਂਬਰਾਂ ਨੂੰ ਵੱਖ-ਵੱਖ ਨੌਕਰੀਆਂ ਲਈ ਪੇਪਰ ਉਹਨਾਂ ਦੀ ਆਪਣੀ ਭਾਸ਼ਾ ਵਿਚ ਦੇਣ ਦੀ ਸਹੂਲਤ ਦਿੱਤੀ ਗਈ ਜੋ ਨਿਵੇਕਲੀ ਪਹਿਲਕਦਮੀ ਸੀ। ਉਹਨਾਂ ਕਿਹਾ ਕਿ ਸਿੱਖ ਕੌਮ ਵਾਸਤੇ ਜਦੋਂ ਪ੍ਰਧਾਨ ਮੰਤਰੀ ਮੋਦੀ ਨੇ ਇੰਨਾ ਕੁਝ ਕੀਤਾ ਹੈ ਤਾਂ ਇਹ ਢੁਕਵਾਂ ਸਮਾਂ ਹੈ ਕਿ ਸਿੱਖ ਭਾਈਚਾਰਾ ਗਾਜ਼ੀਆਬਾਦ ਵਿਚ ਸੰਜੀਵ ਸ਼ਰਮਾ ਦੇ ਹੱਕ ਵਿਚ ਵੋਟਾਂ ਪਾ ਕੇ ਪ੍ਰਧਾਨ ਮੰਤਰੀ ਮੋਦੀ ਦੇ ਹੱਥ ਮਜ਼ਬੂਤ ਕਰੇ। ਇਸ ਮੌਕੇ ਸਰਦਾਰ ਸਿਰਸਾ ਦੇ ਨਾਲ ਇੰਦਰਜੀਤ ਸਿੰਘ ਟੀਟੂ, ਸਕੱਤਰ ਕਪਿਲ ਦੇਵ, ਕੌਮੀ ਜਨਰਲ ਸਕੱਤਰ ਤ੍ਰਿਲੋਕ ਤਿਆਗੀ, ਦਿੱਲੀ ਗੁਰਦੁਆਰਾ ਕਮੇਟੀ ਮੈਂਬਰ ਜਸਮੇਨ ਸਿੰਘ ਨੋਨੀ ਤੇ ਗੁਰਪ੍ਰੀਤ ਸਿੰਘ ਬੱਗਾ ਵੀ ਮੌਜੂਦ ਸਨ।

# ਗਿੱਦੜਬਾਹਾ ਜ਼ਿਮਨੀ ਚੋਣ ਆਪ ਪਾਰਟੀ ਵੱਡੇ ਅੰਤਰ ਨਾਲ ਜਿੱਤੇਗੀ:- ਵਿਧਾਇਕ ਬਲਕਾਰ ਸਿੱਧੂ

✦ ਪੰਜਾਬ ਦਾ ਖੁਲਾਸਾ

**ਭਗਤਾ ਭਾਈ ਕਾ 17 ਨਵੰਬਰ (ਅਵਤਾਰ ਸਿੰਘ ਮੱਲਾ ):**-ਵਿਧਾਨ ਸਭਾ ਹਲਕਾ ਗਿੱਦੜਬਾਹਾ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਦੀਪ ਸਿੰਘ ਡਿੰਪੀ ਢਿੱਲੋਂ ਦੇ ਹੱਕ ਵਿੱਚ ਹਲਕਾ ਰਾਮਪੁਰਾ ਫੂਲ ਦੇ ਵਿਧਾਇਕ ਬਲਕਾਰ ਸਿੰਘ ਸਿੱਧੂ ਵੱਲੋਂ ਗਿੱਦੜਬਾਹਾ ਹਲਕੇ ਦੇ ਪਿੰਡਾਂ ਅਬਲੂ ਕੋਟਲੀ, ਕੋਠੇ ਹਜ਼ੂਰੇ ਵਾਲੇ, ਕੋਠੇ ਬਰੜੇ ਵਾਲੇ,ਕੋਠੇ ਚੀਦਿਆ ਵਾਲੇ, ਕੋਠੇ ਢਾਬਾਂ ਵਾਲੇ,ਕੋਠੇ ਡੂੰਮਣ ਸਿੰਘ ਆਦਿ ਵਿੱਚ ਭਰਵੀਆਂ ਮੀਟਿੰਗ ਕਰਵਾਈਆਂ ਗਈਆਂ। ਇਸ ਮੌਕੇ ਤੇ ਲੋਕਾਂ ਨੂੰ ਸੰਬੋਧਨ ਕਰਦਿਆਂ ਹੋਇਆ ਵਿਧਾਇਕ ਬਲਕਾਰ ਸਿੰਘ ਸਿੱਧੂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਜੋ ਪੰਜਾਬ ਦੀ ਜਨਤਾ ਨੂੰ ਗਰੰਟੀਆਂ ਦਿੱਤੀਆਂ ਸਨ, ਨੂੰ ਸੱਤਾ 'ਤੇ ਕਾਬਜ਼ ਹੋਣ ਤੋਂ ਬਾਅਦ ਪੂਰਾ ਕੀਤਾ ਜਾ ਰਿਹਾ ਹੈ। ਵਿਧਾਇਕ ਸਿੱਧੂ ਨੇ ਕਿਹਾ ਕਿ 'ਆਪ' ਸਰਕਾਰ ਵੱਲੋਂ ਪੰਜਾਬ ਦੀ ਜਨਤਾ ਨੂੰ ਹਰੇਕ ਮਹੀਨੇ 300 ਯੂਨਿਟ ਮਾਫ ਕਰਨ ਦੀ ਗਰੰਟੀ ਦਿੱਤੀ ਸੀ ਜਿਸ ਨੂੰ ਪੂਰਾ ਕੀਤਾ ਹੈ ਜਿਸ ਦੇ ਚੱਲਦਿਆਂ 90 ਫ਼ੀਸਦੀ ਲੋਕਾਂ ਦੇ ਬਿੱਲ ਜ਼ੀਰੋ ਆ ਰਹੇ ਹਨ। ਉਹਨਾਂ ਕਿਹਾ ਕਿ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਹੈ ਕਿ ਜਦੋਂ ਆਮ ਆਦਮੀ ਪਾਰਟੀ ਵੱਲੋਂ ਬਿਜਲੀ ਖਪਤਕਾਰਾਂ ਨੂੰ ਇੰਨੀ ਵੱਡੀ ਸਹੂਲਤ ਦਿੱਤੀ ਹੋਵੇ। ਸਿੱਧੂ ਨੇ ਕਿਹਾ ਕਿ ਆਮ



ਆਦਮੀ ਪਾਰਟੀ ਪੰਜਾਬ ਦੀ ਤਰੱਕੀ ਵਿੱਚ ਅਹਿਮ ਯੋਗਦਾਨ ਪਾ ਰਹੀ ਹੈ ਅਤੇ ਦਫਤਰਾਂ ਵਿੱਚ ਫੈਲੇ ਭ੍ਰਿਸ਼ਟਾਚਾਰ ਨੂੰ ਖਤਮ ਕਰ ਰਹੀ ਹੈ। ਆਪ ਸਰਕਾਰ ਵੱਲੋਂ ਹਜ਼ਾਰਾਂ ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਗਈਆਂ ਹਨ।ਉਨ੍ਹਾਂ ਵੋਟਰਾਂ ਨੂੰ ਅਪੀਲ ਕੀਤੀ ਕਿ ਇੱਕ-ਇੱਕ ਵੋਟ ਆਪ ਪਾਰਟੀ ਦੇ ਉਮੀਦਵਾਰ ਹਰਦੀਪ ਸਿੰਘ ਡਿੰਪੀ ਢਿੱਲੋਂ ਨੂੰ ਪਾ ਕੇ ਵਿਧਾਨ ਸਭਾ ਵਿੱਚ ਭੇਜਿਆ ਜਾਵੇ ਤਾਂ ਜੋ ਗਿੱਦੜਬਾਹਾ ਹਲਕੇ ਦਾ ਵਿਕਾਸ ਕਰਵਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਗਿੱਦੜਬਾਹਾ ਹਲਕੇ ਦੇ ਲੋਕ ਇਸ ਚੋਣ ਵਿਚ ਭਾਜਪਾ ਅਤੇ ਕਾਂਗਰਸ ਦੋਵਾਂ ਨੂੰ ਬੁਰੀ ਤਰਾਂ ਨਕਾਰ ਦੇਣਗੇ ਕਿਉਂਕਿ ਦੋਵਾਂ ਪਾਰਟੀਆਂ ਨੇ ਹਲਕਾ ਗਿੱਦੜਬਾਹਾ ਨੂੰ ਇਤਿਹਾਸਕ ਤੌਰ 'ਤੇ ਅਣਗੌਲਿਆ ਕੀਤਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਲੋਕਾਂ ਵੱਲੋਂ ਜੋ ਹੁੰਗਾਰਾ ਆਪ ਪਾਰਟੀ ਦੀਆਂ ਨੀਤੀਆਂ ਕਰਕੇ ਆਪ ਉਮੀਦਵਾਰ ਡਿੰਪੀ ਢਿੱਲੋਂ ਨੂੰ ਮਿਲ ਰਿਹਾ ਹੈ ਉਸ ਤੋਂ ਸਪੱਸ਼ਟ ਸੰਕੇਤ ਮਿਲਦੇ ਹਨ ਕਿ ਡਿੰਪੀ ਢਿੱਲੋਂ ਵੱਡੇ ਅੰਤਰ ਨਾਲ ਜਿੱਤਣਗੇ । ਇਸ ਮੌਕੇ ਉਨ੍ਹਾਂ ਨਾਲ ਆਪ ਉਮੀਦਵਾਰ ਡਿੰਪੀ ਢਿੱਲੋਂ, ਹਲਕਾ ਰਾਮਪੁਰਾ ਫੂਲ ਦੇ ਸੀਨੀਅਰ ਆਪ ਆਗੂ ਤੇ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਸਨ।

# ਨਿਸ਼ੁਲਕ ਯੋਗਾ ਕਲੱਬ ਅਬੋਹਰ ਵੱਲੋਂ ਲਾਲਾ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ

✦ ਪੰਜਾਬ ਦਾ ਖੁਲਾਸਾ

**ਪੱਟੀ ਸਦੀਕ, 17 ਨਵੰਬਰ (ਬਲਕਰਨ ਸਿੰਘ ਮਸ਼ਾਲ)**- ਨਿਸ਼ੁਲਕ ਯੋਗਾ ਕਲੱਬ ਅਬੋਹਰ ਵੱਲੋਂ ਕਲੱਬ ਦੇ ਪ੍ਰਧਾਨ ਮਾਸਟਰ ਸੁਰਿੰਦਰ ਬਿੱਲਾ ਪੱਟੀ ਦੀ ਅਗਵਾਈ ਹੇਠ ਲਾਲਾ ਲਾਜਪਤ ਰਾਏ ਪਾਰਕ ਵਿਖੇ ਲਾਲਾ ਲਾਜਪਤ ਰਾਏ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ ਅਤੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕਰਕੇ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਯਾਦ ਕੀਤਾ ਗਿਆ। ਇਸ ਮੌਕੇ ਐਡਵੋਕੇਟ ਦੇਸਰਾਜ ਕੰਬੋਜ ਨੇ ਕਿਹਾ ਕਿ ਅਮਰ ਆਜ਼ਾਦੀ ਘੁਲਾਟੀਏ ਅਤੇ ਸ਼ੇਰ-ਏ-ਪੰਜਾਬ ਲਾਲਾ ਲਾਜਪਤ ਰਾਏ ਪੰਜਾਬ ਕੇਸਰੀ ਭਾਰਤ ਦੇ ਮੁੱਖ ਸੁਤੰਤਰਤਾ

**ਲਾਲਾ ਲਾਜਪਤ ਰਾਏ ਤੇ ਪਈ ਹਰ ਇੱਕ ਸੋਟੀ ਬ੍ਰਿਟਿਸ਼ ਸਰਕਾਰ ਦੇ ਤਾਬੂਤ ਵਿੱਚ ਇੱਕ ਮੇਖ ਸਾਬਤ ਹੋਇਆ -ਮਾ.ਸੁਰਿੰਦਰ ਬਿੱਲਾ ਪੱਟੀ**

ਸੈਨਾਨੀ ਸਨ। ਉਨ੍ਹਾਂ ਦਾ ਜਨਮ 28 ਜਨਵਰੀ 1865 ਨੂੰ ਪੰਜਾਬ ਦੇ ਮੋਗਾ ਜ਼ਿਲ੍ਹੇ ਵਿੱਚ ਹੋਇਆ ਸੀ। ਉਨ੍ਹਾਂ ਨੇ ਹਰਿਆਣਾ ਦੇ ਰੋਹਤਕ ਅਤੇ ਹਿਸਾਰ ਸ਼ਹਿਰਾਂ ਵਿੱਚ ਕੁਝ ਸਮਾਂ ਕਾਨੂੰਨ ਦਾ ਅਭਿਆਸ ਕੀਤਾ। ਉਹ ਇੰਡੀਅਨ ਨੈਸ਼ਨਲ ਕਾਂਗਰਸ ਦੇ ਕੱਟੜਪੰਥੀ ਧੜੇ ਦਾ ਇੱਕ ਪ੍ਰਮੁੱਖ ਨੇਤਾ ਸੀ। ਬਾਲ ਗੰਗਾਧਰ ਤਿਲਕ ਅਤੇ ਬਿਪਿਨ ਚੰਦਰ ਪਾਲ ਦੇ ਨਾਲ ਇਹ ਤ੍ਰਿਏਕ ਲਾਲ-ਬਾਲ-ਪਾਲ ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਇਹ ਤਿੰਨੋਂ ਨੇਤਾ ਭਾਰਤ ਵਿਚ ਪੂਰਨ ਆਜ਼ਾਦੀ ਦੀ ਮੰਗ ਕਰਨ ਵਾਲੇ ਸਭ ਤੋਂ



ਪਹਿਲਾਂ ਸਨ, ਬਾਅਦ ਵਿਚ ਪੂਰਾ ਦੇਸ਼ ਉਨ੍ਹਾਂ ਵਿਚ ਸ਼ਾਮਲ ਹੋ ਗਿਆ। ਸਵਾਮੀ ਦਯਾਨੰਦ ਸਰਸਵਤੀ ਦੇ ਨਾਲ, ਉਨ੍ਹਾਂ ਨੇ ਪੰਜਾਬ ਵਿੱਚ ਆਰੀਆ ਸਮਾਜ ਨੂੰ ਪ੍ਰਸਿੱਧ ਕੀਤਾ। ਦਯਾਨੰਦ ਨੇ ਲਾਲਾ ਹੰਸਰਾਜ ਅਤੇ ਕਲਿਆਣ ਚੰਦਰ ਦੀਕਸ਼ਿਤ ਨਾਲ ਮਿਲ ਕੇ ਐਂਗਲੋ ਵੈਦਿਕ ਸਕੂਲ ਫੈਲਾਏ, ਜੋ ਹੁਣ ਡੀਏਵੀ ਸਕੂਲਾਂ ਅਤੇ ਕਾਲਜਾਂ ਵਜੋਂ ਜਾਣੇ ਜਾਂਦੇ ਹਨ। ਲਾਲਾ ਜੀ ਨੇ ਕਈ ਥਾਈਂ ਅਕਾਲ ਦੇ ਸਮੇਂ ਡੇਰੇ ਲਗਾ ਕੇ ਲੋਕਾਂ ਦੀ ਸੇਵਾ ਵੀ ਕੀਤੀ। ਮਾਸਟਰ ਸੁਰਿੰਦਰ ਬਿੱਲਾ ਪੱਟੀ ਨੇ ਦੱਸਿਆ ਕਿ 30 ਅਕਤੂਬਰ 1928 ਨੂੰ ਲਾਹੌਰ ਵਿਚ ਸਾਈਮਨ ਕਮਿਸ਼ਨ ਦੇ ਖਿਲਾਫ ਹੋਏ ਵਿਸ਼ਾਲ ਮੁਜ਼ਾਹਰੇ ਵਿਚ ਹਿੱਸਾ ਲਿਆ ਸੀ, ਜਿਸ ਦੌਰਾਨ ਹੋਏ ਲਾਠੀਚਾਰਜ ਵਿਚ ਉਹ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ ਸੀ। ਉਸ ਸਮੇਂ ਉਸਨੇ ਕਿਹਾ ਸੀ: "ਮੇਰੇ ਸਰੀਰ 'ਤੇ ਪਈ ਹਰ ਇੱਕ ਸੋਟੀ ਬ੍ਰਿਟਿਸ਼ ਸਰਕਾਰ ਦੇ ਤਾਬੂਤ ਵਿੱਚ ਇੱਕ ਮੇਖ ਦਾ ਕੰਮ ਕਰੇਗੀ।" ਅਤੇ ਇਹ ਜੋ ਹੋਇਆ; ਲਾਲਾ ਜੀ ਦੀ ਕੁਰਬਾਨੀ ਦੇ 20 ਸਾਲਾਂ ਦੇ ਅੰਦਰ, ਬ੍ਰਿਟਿਸ਼ ਸਾਮਰਾਜ ਦਾ ਸੂਰਜ ਡੁੱਬ ਗਿਆ। ਇਨ੍ਹਾਂ ਸੱਟਾਂ ਕਾਰਨ 17 ਨਵੰਬਰ 1928 ਨੂੰ ਉਨ੍ਹਾਂ ਦੀ ਮੌਤ ਹੋ ਗਈ। ਇਸ ਪ੍ਰੋਗਰਾਮ ਵਿੱਚ ਨਿਸ਼ੁਲਕ ਯੋਗਾ ਕਲੱਬ ਮੈਂਬਰ ਸਾਹੀ ਰਾਮ ਬੱਬਰ, ਚਮਨ ਲਾਲ ਗੁੰਬਰ, ਕਾਸ਼ੀ ਰਾਮ, ਜਰਨੈਲ ਸਿੰਘ, ਗੁਲਸ਼ਨ ਕੁੱਕੜ, ਸੋਨੂੰ ਸੋਨੀ, ਰਾਜ ਕੁਮਾਰ ਸੇਤੀਆ, ਵਿਕਰਮ, ਮੰਗਲ, ਰਾਧਾ ਕ੍ਰਿਸ਼ਨ, ਨਰਿੰਦਰ ਕੌਰ, ਸੁਮਨ, ਤਮੰਨਾ, ਨਾਦੀਆ, ਕਿਰਨ, ਡਾ. ਰਚਿਤ, ਕਬੀਰ, ਤੇਜਸ ਸਮੇਤ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਲਾਲਾ ਲਾਜਪਤ ਰਾਏ ਦੇ ਬੁੱਤ 'ਤੇ ਸ਼ਰਧਾਂਜਲੀ ਭੇਟ ਕੀਤੀ ਅਤੇ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਯਾਦ ਕੀਤਾ।

# ਅੰਕੁਸ਼ ਬੈਨੀਵਾਲ ਨੂੰ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲਜ਼ ਐਂਡ ਐਸੋਸੀਏਸ਼ਨ ਆਫ ਪੰਜਾਬ (ਰਜਿ.) ਵੱਲੋਂ ਸਰਵੋਤਮ ਅਧਿਆਪਕ ਪੁਰਸਕਾਰ ਨਾਲ ਸਨਮਾਨਿਤ

✦ ਪੰਜਾਬ ਦਾ ਖੁਲਾਸਾ



**ਪੱਟੀ ਸਦੀਕ, 17 ਨਵੰਬਰ (ਬਲਕਰਨ ਸਿੰਘ ਮਸ਼ਾਲ)**- ਇੰਪੀਰੀਅਲ ਇੰਟਰਨੈਸ਼ਨਲ ਸਕੂਲ ਫਾਰ ਐਕਸੀਲੈਂਸ, ਖੁਈਆਂ ਸਰਵਰ ਦੇ ਪ੍ਰਤਿਭਾਸ਼ਾਲੀ ਅਧਿਆਪਕ ਅੰਕੁਸ਼ ਬੈਨੀਵਾਲ ਨੂੰ ਉਨ੍ਹਾਂ ਦੀ ਨਿਵੇਕਲੀ ਸਿੱਖਿਆ ਅਤੇ ਯੋਗਤਾ ਦੇ ਆਧਾਰ 'ਤੇ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲਜ਼ ਐਂਡ ਐਸੋਸੀਏਸ਼ਨ ਆਫ ਪੰਜਾਬ (ਰਜਿ.) ਵੱਲੋਂ ਸਰਵੋਤਮ ਅਧਿਆਪਕ ਪੁਰਸਕਾਰ-2024 ਨਾਲ ਸਨਮਾਨਿਤ ਕੀਤਾ ਗਿਆ ਹੈ। ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲਜ਼ ਐਂਡ ਐਸੋਸੀਏਸ਼ਨ ਆਫ ਪੰਜਾਬ ਵੱਲੋਂ ਚੰਡੀਗੜ੍ਹ ਯੂਨੀਵਰਸਿਟੀ ਦੇ ਕੈਂਪਸ ਵਿੱਚ ਐਫ.ਏ.ਪੀ. ਨੈਸ਼ਨਲ ਐਵਾਰਡ-2024 ਦੀ ਮੇਜ਼ਬਾਨੀ ਕੀਤੀ ਗਈ ਜਿਸ ਵਿੱਚ ਅੰਕੁਸ਼ ਬੈਨੀਵਾਲ ਨੂੰ 16 ਨਵੰਬਰ, 2024 ਨੂੰ ਗਲੋਬਲ ਅੰਬੈਸਡਰ (ਵਰਲਡ ਕੈਂਸਰ ਕੇਅਰ) ਕੁਲਵੰਤ ਸਿੰਘ ਧਾਲੀਵਾਲ ਵੱਲੋਂ ਸਨਮਾਨਿਤ ਕੀਤਾ ਗਿਆ। ਸਕੂਲ ਦੇ ਡਾਇਰੈਕਟਰ ਸੁਖਵਿੰਦਰ ਪਾਲ ਨੇ ਅੰਕੁਸ਼ ਬੈਨੀਵਾਲ ਨੂੰ ਉਸ ਦੀ ਸ਼ਾਨਦਾਰ ਪ੍ਰਾਪਤੀ ਅਤੇ ਉਸ ਦੀ ਸ਼ਾਨਦਾਰ ਅਤੇ ਨਿਵੇਕਲੀ ਅਧਿਆਪਨ ਲਈ ਵਧਾਈ ਦਿੰਦੇ ਹੋਏ ਕਿਹਾ ਕਿ ਬੈਨੀਵਾਲ ਨੇ ਨਾ ਸਿਰਫ ਸਾਡੇ ਵਿਦਿਆਰਥੀਆਂ 'ਤੇ ਆਪਣੀ ਰਚਨਾਤਮਕ ਅਤੇ ਦਿਲਚਸਪ ਅਧਿਆਪਨ ਵਿਧੀਆਂ ਨਾਲ ਸਕਾਰਾਤਮਕ ਪ੍ਰਭਾਵ ਪਾਇਆ ਹੈ, ਸਗੋਂ ਸਾਡੇ ਸਕੂਲ ਦਾ ਸਨਮਾਨ ਵੀ ਕੀਤਾ ਹੈ। ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਨਵਨੀਤ ਦੇਵਗਨ ਨੇ ਕਿਹਾ ਕਿ ਅਜਿਹੇ ਪੁਰਸਕਾਰ ਹੋਰਨਾਂ ਅਧਿਆਪਕਾਂ ਲਈ ਵੀ ਪ੍ਰੇਰਨਾਦਾਇਕ ਹਨ ਅਤੇ ਅੰਕੁਸ਼ ਬੈਨੀਵਾਲ ਸਕੂਲ ਦੇ ਹੋਰਨਾਂ ਅਧਿਆਪਕਾਂ ਲਈ ਮਾਰਗ ਦਰਸ਼ਕ ਸਾਬਤ ਹੋਣਗੇ।



# ਸਰਪੰਚ ਸੁਨੀਲ ਕੁਮਾਰ ਬਿਸ਼ਨਪੁਰਾ ਨੇ ਜਿੱਤ ਤੋਂ ਬਾਅਦ ਸ਼ੁਕਰਾਨੇ ਵਜੋਂ ਕਰਵਾਈ ਅਰਦਾਸ ਅਤੇ ਕੀਤਾ ਪਿੰਡ ਦਾ ਧੰਨਵਾਦ

✦ ਪੰਜਾਬ ਦਾ ਖੁਲਾਸਾ

**ਪੱਟੀ ਸਦੀਕ, 16 ਨਵੰਬਰ (ਬਲਕਰਨ ਸਿੰਘ ਮਸ਼ਾਲ)**- ਬੀਤੇ ਦਿਨੀਂ ਸਰਪੰਚ ਸੁਨੀਲ ਕੁਮਾਰ ਬਿਸ਼ਨਪੁਰਾ ਨੇ ਜਿੱਤ ਤੋਂ ਬਾਅਦ ਵਾਹਿਗੁਰੂ ਜੀ ਕੇ ਸ਼ੁਕਰਾਨੇ ਵਜੋਂ ਅਰਦਾਸ ਕਰਵਾਈ ਅਤੇ ਪਿੰਡ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਪਿੰਡ ਨੇ ਮੈਨੂੰ ਬਹੁਤ ਹੀ ਮਾਣ-ਸਤਿਕਾਰ ਦੇ ਕੇ ਵੱਡੀ ਜਿੱਤ ਦਿੱਤੀ ਹੈ 'ਤੇ ਮੈਂ ਹਮੇਸ਼ਾ ਪਿੰਡ ਦਾ ਧੰਨਵਾਦੀ ਰਹਾਂਗਾ। ਸਰਪੰਚ ਸੁਨੀਲ ਕੁਮਾਰ ਨੇ ਪਿੰਡ ਦੇ ਵਿਕਾਸ ਕਾਰਜਾਂ ਸੰਬੰਧੀ ਕਿਹਾ ਕਿ ਮੈਂ ਪਿੰਡ ਨੂੰ ਅਜਿਹੀ ਮਿਸਾਲ ਦੇ ਕੇ ਜਾਵਾਂਗਾ ਕਿ ਲੋਕ ਯਾਦ ਰੱਖਣਗੇ ਕਿ 2024 ਵਿੱਚ ਕੋਈ ਪੰਚਾਇਤ ਬਣੀ ਸੀ। ਇਸ ਦੇ ਨਾਲ ਹੀ ਐਮਐਲਏ ਅਮਨਦੀਪ ਸਿੰਘ ਗੋਲਡੀ ਮੁਸਾਫ਼ਰ ਬੱਲੂਆਣਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਉਨ੍ਹਾਂ ਕਿਹਾ ਕਿ ਤੁਹਾਡੇ ਪਿੰਡ ਨੂੰ ਫੰਡਾਂ ਦੀ ਕੋਈ ਘਾਟ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ 'ਤੇ ਮੈਂਬਰ ਲਾਲ ਚੰਦ, ਮੈਂਬਰ ਕਰਮਜੀਤ ਕੌਰ, ਮੈਂਬਰ ਅੰਗੂਰਾ ਦੇਵੀ, ਮੈਂਬਰ ਬਿਨੋਦ ਸਿਆਗ, ਮੈਂਬਰ ਵਿਸ਼ਨੂ ਖਿਚੜ, ਮੈਂਬਰ ਨਵੀਨ ਮੰਡਾ ਆਦਿ ਸਮੂਹ ਪੰਚਾਇਤ, ਪਿੰਡ ਦੇ ਵਾਸੀ ਅਤੇ ਬਾਹਰੋਂ ਆਏ ਸਰਪੰਚ ਅਰੁਣ ਪੂਨੀਆਂ, ਸਰਪੰਚ ਹਰਵਿੰਦਰ ਕੁਮਾਰ, ਸਰਪੰਚ ਕ੍ਰਿਸ਼ਨ ਕਾਕੜ, ਸਰਪੰਚ ਡਾ. ਗੁਰਲਾਲ ਸਿੰਘ, ਸਰਪੰਚ ਰੀਪੁਦਮ ਮਹਿਰਾਣਾ, ਸਰਪੰਚ ਅਕਸ਼ੈ ਕੁਮਾਰ, ਨੰਬਰਦਾਰ ਦਵਿੰਦਰ ਭਾਦੂ, ਵਿਨੋਦ ਪੋਲਾ, ਰਜਿੰਦਰ ਸਹਾਰਨ, ਪਵਨ ਭਾਦੂ, ਬਾਲਾ ਸ਼ਿਆਗ ਆਦਿ ਹਾਜ਼ਰ ਰਹੇ।

# ਸ਼੍ਰੀ ਸਾਲਾਸਰ ਬਾਲਾ ਜੀ ਧਾਮ ਦੇ ਦਰਸ਼ਨਾ ਲਈ ਅਹਿਮਦਗੜ੍ਹ ਤੋਂ ਬੱਸ ਯਾਤਰਾ ਰਵਾਨਾ

✦ ਪੰਜਾਬ ਦਾ ਖੁਲਾਸਾ

**ਅਹਿਮਦਗੜ੍ਹ, 17 ਨਵੰਬਰ (ਬੰਟੀ ਚੌਹਾਨ)** ਸ਼੍ਰੀ ਸਾਲਾਸਰ ਬਾਲਾ ਜੀ ਸੇਵਾ ਮੰਡਲ ਅਹਿਮਦਗੜ੍ਹ ਵਲੋਂ ੧੦੪ ਵੀਂ ਧਾਰਮਿਕ ਬਸ ਯਾਤਰਾ ਮੌਕੇ ਪ੍ਰਧਾਨ ਆਨੰਦ ਮਿੱਤਲ, ਸੋਨੂੰ ਰਾਮਾਨੰਦ, ਅਨਿਲ ਜੈਨ ਪੱਖੋਵਾਲ ਵਾਲੇ ਅਤੇ ਸਮੂਹ ਮੈਂਬਰਾਂ ਦੀ ਅਗਵਾਈ ਹੇਠ ਸ਼੍ਰੀ ਸਾਲਾਸਰ ਧਾਮ ਅਤੇ ਸ਼੍ਰੀ ਖਾਟੂ ਸ਼ਿਆਮ ਦੇ ਦਰਸ਼ਨਾ ਲਈ ੨ ਬੱਸਾ ਭੇਜੀਆ ਗਈਆ।ਇਸ ਮੌਕੇ ਸਥਾਨਕ ਸ਼ਹਿਰ ਦੀ ਸੈਲਰ ਐਸੋ. ਦੇ ਸਮੂਹ ਆਗੂਆ ਵਿੱਚ ਰਜੀਵ ਸਿੰਗਲਾ ਸ਼ੇਰੂ, ਰਿਸ਼ੂ ਜਿੰਦਲ, ਸ਼ੁਭਾਸ ਸੇਖਾ, ਜਤਿੰਦਰ ਕਰੀਰ, ਕ੍ਰਿਸ਼ਨ ਗੋਪਾਲ, ਬਿੰਦਾ ਜੈਨ ਆਦਿ ਆਗੂਆ ਨੇ ਇਨਾ ਬੱਸਾ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਆਗੂਆ ਨੇ ਸ਼੍ਰੀ ਸਾਲਾਸਰ ਬਾਲਾ ਜੀ ਸੇਵਾ ਮੰਡਲ ਵਲੋ ਕੀਤੇ ਜਾਦੇ ਇਸ ਉਪਰਾਲੇ ਦੀ ਵਧਾਈ ਦਿੱਤੀ ਤੇ ਪ੍ਰਬੰਧਕਾਂ ਸ਼ਲਾਘਾ ਕਰਦਿਆ ਕਿਹਾ ਕਿ ਸੰਸਥਾ ਵਲੋ ਇਹ ਸੇਵਾ ਬਹੁਤ ਹੀ ਸੱਚੀ ਭਾਵਨਾ ਨਾਲ




ਕੀਤੀ ਜਾਦੀ ਹੈ। ਜਿਸ ਨਾਲ ਸਮੂਹ ਸਰਧਾਲੂ ਹਰ ਮਹੀਨੇ ਸਮੁੱਚੇ ਧਾਮ ਦੇ ਦਰਸ਼ਨਾ ਨੂੰ ਜਾ ਸਕਦੇ ਹਨ।ਸੰਸਥਾ ਆਗੂਆ ਨੇ ਦੱਸਿਆ ਕਿ ਸ਼੍ਰੀ ਸਾਲਾਸਰ ਬਾਲਾ ਜੀ ਸੇਵਾ ਮੰਡਲ ਨੇ ਹਰ ਮਹੀਨੇ ਸ਼ਨੀਵਾਰ ਨੂੰ ਸ਼੍ਰੀ ਸਾਲਾਸਰ ਬਾਲਾ ਜੀ ਧਾਮ ਲਈ ਬੱਸਾ ਭੇਜੀਆ ਜਾਦੀਆ ਹਨ।ਜਿਸ ਤੇ ਅਹਿਮਦਗੜ੍ਹ ਤੋਂ ਵੱਡੀ ਗਿਣਤੀ ਸ਼ਰਧਾਲੂ ਸ਼ਰਧਾ ਭਾਵਨਾ ਨਾਲ ਯਾਤਰਾ ਕਰਕੇ ਸ਼੍ਰੀ ਬਾਲਾ ਜੀ ਧਾਮ ਤੇ ਸ਼੍ਰੀ ਖਾਟੂ ਸਿਆਮ ਧਾਮ ਦੇ ਦਰਸ਼ਨ ਕਰਕੇ ਖੁਸ਼ੀਆ ਪ੍ਰਾਪਤ ਕਰਦੇ ਹਨ।ਇਸ ਮੌਕੇ ਅਨਿਲ ਜੈਨ, ਪ੍ਰਧਾਨ ਆਨੰਦ ਮਿੱਤਲ, ਸੋਨੂ ਰਾਮਾਨੰਦ, ਜੈ ਗੋਪਾਲ, ਕਮਲੇਸ਼ ਗੋਇਲ, ਵਿਪਨ ਤਾਇਲ, ਸੁਰਿੰਦਰ ਕੁਮਾਰ ਗੋਇਲ, ਗੋਪਾਲ ਕ੍ਰਿਸ਼ਨ ਟੋਨੀ, ਸੋਹਨ ਲਾਲ ਬੁਟਹਾਰੀ ਵਾਲੇ, ਵਿਕਾਸ ਗੋਇਲ ਆਦਿ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਜ਼ਰੂਰੀ ਮੁਰੰਮਤ ਦੌਰਾਨ ਬਿਜਲੀ ਰਹੇਗੀ ਬੰਦ

✦ ਪੰਜਾਬ ਦਾ ਖੁਲਾਸਾ

**ਅੰਮ੍ਰਿਤਸਰ 17 ਨਵੰਬਰ (ਦਿਨੇਸ਼ ਸੋਨੀ)** ਉੱਪ ਮੰਡਲ ਅਫਸਰ ਟੈਕਨੀਕਲ ਚਾਟੀਵਿੰਡ ਸਬ ਡਵੀਜਨ ਸ੍ਰੀ ਸੁਧੀਰ ਚੌਧਰੀ ਨੇ ਦੱਸਿਆ ਕਿ ਮਿਤੀ 18 ਨਵੰਬਰ ਦਿਨ ਸੋਮਵਰ ਨੂੰ 132 ਕੇ ਵੀ ਤੋਂ ਚਲਦਾ ਫੀਡਰ ਮੋਹਨ ਰਾਈਸ ਮਿਲ ਜਰੂਰੀ ਮੁਰੰਮਤ ਕਾਰਨ ਬੰਦ ਰਹੇਗਾ ਜਿਸ ਨਾਲ ਤਰਨ ਤਾਰਨ ਰੋਡ ਦੇ ਅਧੀਨ ਆਉਂਦੇ ਇਲਾਕੇ ਕੋਟ ਮਾਹਣਾ ਸਿੰਘ, ਤੇਗ ਰਾਇਲ ਹੋਟਲ ਵਾਲੀ ਗਲੀ, ਮੁਰੱਬੇ ਵਾਲੀ ਗਲੀ,ਕ੍ਰਿਸਨਾ ਨਗਰ, ਬਾਰਦਾਨੇ ਵਾਲੀ ਗਲੀ ਅਤੇ ਇਸਦੇ ਨਾਲ ਹੀ 11ਕੇ.ਵੀ ਚੱਠਾ ਫੀਡਰ ਅਧੀਨ ਆਉਂਦੇ ਤਰਨ ਤਾਰਨ ਰੋਡ ਦੇ ਸੱਜੇ ਪਾਸੇ ਗੁਰੂ ਨਾਨਕ ਕਲੋਨੀ,ਬਾਬਾ ਬੁੱਢਾ ਜੀ ਨਗਰ,ਗੁਰੂ ਕਿਰਪਾ ਕਲੋਨੀ, ਗੁਰੂ ਗੋਬਿੰਦ ਸਿੰਘ ਨਗਰ,ਮਿਸ਼ਰਾ ਸਿੰਘ ਕਲੋਨੀ ਆਦਿ ਇਲਾਕਿਆਂ ਦੀ ਬਿਜਲੀ ਸਪਲਾਈ ਸਵੇਰੇ 10ਵਜੇ ਤੋਂ ਸ਼ਾਮ 5 ਵਜੇ ਤੱਕ ਬੰਦ ਰਹੇਗੀ ।।

# ਨਵੇਂ ਬਣੇ ਪੰਚਾਇਤ ਮੈਂਬਰਾਂ ਦਾ ਸਹੁੰ ਚੁਕਾਉਣ ਲਈ ਸਮਾਗਮ 19 ਨਵੰਬਰ ਨੂੰ

✦ ਪੰਜਾਬ ਦਾ ਖੁਲਾਸਾ

**ਰਾਮਾਂ ਮੰਡੀ,18 ਨਵੰਬਰ (ਅਸ਼ੋਕ):** ਮਾਲਵਾ ਪੱਟੀ ਦੇ ਨਵੇਂ ਪੰਚਾਂ ਦਾ ਸਹੁੰ ਚੁੱਕ ਸਮਾਗਮ 'ਚ ਸ਼ਾਮਲ ਹੋਣ ਲਈ ਚਾਅ ਨਹੀਂ ਚੁੱਕਿਆ ਜਾ ਰਿਹਾ ਹੈ। ਕੋਈ ਨਵੀਂ ਪੁਸ਼ਾਕ ਤਿਆਰ ਕਰਵਾ ਰਿਹਾ ਹੈ ਜਦੋਂਕਿ ਕੁੱਝ ਹੋਰਨਾਂ ਤਿਆਰੀਆਂ 'ਚ ਜੁਟੇ ਹੋਏ ਹਨ। ਨਵੇਂ ਸਰਪੰਚ ਸਹੁੰ ਚੁੱਕਣ ਮਗਰੋਂ ਸਰਪੰਚੀ ਦੇ ਚਾਅ ਵਿੱਚ ਮਸਤ ਹੋ ਗਏ ਹਨ ਤਾਂ ਹੁਣ ਨਵੇਂ ਬਣੇ ਪੰਚਾਇਤ ਮੈਂਬਰਾਂ ਨੂੰ ਸਹੁੰ ਚੁਕਾਉਣ ਲਈ 19 ਨਵੰਬਰ ਨੂੰ ਸਮਾਗਮ ਕਰਵਾਏ ਜਾ ਰਹੇ ਹਨ। ਜੋ ਦਲਿਤ ਵਰਗ ਨਾਲ ਸਬੰਧਤ ਪੰਚ ਹਨ,ਉਨ੍ਹਾਂ ਨੂੰ ਤਾਂ ਸ਼ਾਹ ਖਰਚੀ ਦੀ ਨੌਬਤ ਹੈ ਜਦੋਂਕਿ ਜਨਰਲ ਵਰਗ ਦੇ ਕਈ ਪੰਚਾਂ ਨੇ ਆਪਣੇ ਘਰਾਂ ਵਿੱਚ ਆਉਣ ਵਾਲੇ ਲੋਕਾਂ ਦੀ ਆਉਭਗਤ ਲਈ ਸਜ਼ਾਵਟ ਵਗੈਰਾ ਸ਼ੁਰੂ ਕਰ ਦਿੱਤੀ ਹੈ ਤਾਂ ਜੋ ਇਸ ਦਿਨ ਨੂੰ ਯਾਦਗਾਰੀ ਬਨਾਉਣ 'ਚ ਕਸਰ ਬਾਕੀ ਨਾਂ ਰਹੇ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵੱਲੋਂ ਨਵੇਂ ਸਰਪੰਚਾਂ ਨੂੰ ਚਾਰਜ ਦਿੱਤਾ ਜਾਣ ਲੱਗਾ ਹੈ ਅਤੇ ਸਹੁੰ ਚੁੱਕਣ ਤੋਂ ਬਾਅਦ ਨਵੇਂ ਚੁਣੇ ਪੰਚਾਂ ਸਰਪੰਚਾਂ ਦੀ ਪੁੱਛ ਪ੍ਰਤੀਤ ਵਧ ਜਾਣੀ ਹੈ।ਜਿੰਨ੍ਹਾਂ ਜਿਲ੍ਹਿਆਂ 'ਚ ਸਹੁੰ ਚੁਕਾਈ ਜਾਣੀ ਹੈ ਉਨ੍ਹਾਂ ਵਿੱਚ ਤਾਂ ਪੰਚਾਂ ਨੂੰ ਖੁਸ਼ੀਆਂ ਦੇ ਖੰਭ ਲੱਗੇ ਹੋਏ ਹਨ। ਖਾਸ ਤੌਰ ਤੇ ਜੋ ਸਖਤ ਮੁਕਾਬਲਿਆਂ ਦੌਰਾਨ ਜਿੱਤੇ ਹਨ ਉਨ੍ਹਾਂ ਦੀ ਤਾਂ ਤੋਰ ਹੀ ਬਦਲੀ ਹੋਈ ਹੈ। ਉਂਜ ਇੱਕ ਪਹਿਲੂ ਇਹ ਵੀ ਹੈ ਕਿ ਜਿੰਨ੍ਹਾਂ ਨੂੰ ਮਾਮੂਲੀ ਵੋਟਾਂ ਤੇ ਹਾਰ ਦਾ ਸਾਹਮਣਾ ਕਰਨਾ ਪਿਆ ਹੈ ਉਨ੍ਹਾਂ ਲਈ ਸਰਕਾਰੀ ਸਮਾਗਮ ਗਮ ਦਾ ਸਬੱਬ ਵੀ ਬਣਿਆ ਹੈ। ਮਾਨਸਾ ਜਿਲ੍ਹੇ ਦੇ ਇੱਕ ਸਰਪੰਚ ਆਪਣੇ ਘਰ ਵਿੱਚ ਪ੍ਰਾਈਵੇਟ ਦਫ਼ਤਰ ਬਣਾਉਣ ਵਾਸਤੇ ਨਵਾਂ ਫਰਨੀਚਰ ਖਰੀਦ ਕੇ ਲਿਆਇਆ ਤਾਂ ਉਸ ਦਾ ਕਟੱੜ ਸਮਰਥਕ ਸਾਥੀ ਪੰਚ ਵੀ ਰੀਸੋ ਰੀਸੀ ਇਸੇ ਰਾਹ ਤੁਰਿਆ ਹੈ।

ਇਸ ਜਿਲ੍ਹੇ ਦੇ ਇੱਕ ਸਰਪੰਚ ਨੇ ਤਾਂ ਆਉਂਦੀ ਗਰਮੀ ਤੋਂ ਪਹਿਲਾਂ ਆਪਣੇ ਦਫਤਰ ਵਿੱਚ ਨਵਾਂ ਏਸੀ ਲੁਆਉਣ ਦਾ ਫੈਸਲਾ ਕੀਤਾ ਹੈ। ਉਸ ਨੇ ਇਕੱਲਾ ਦਫ਼ਤਰ ਹੀ ਨਹੀਂ ਬਣਾਇਆ ਬਲਕਿ ਦਫ਼ਤਰ ਵਿੱਚ ਇੱਕ ਰਜਿਸਟਰ ਵੀ ਰੱਖ



ਦਿੱਤਾ ਹੈ ਤਾਂ ਜੋ ਸਾਥੀ ਪੰਚ ਲਿਖਤੀ ਰੂਪ 'ਚ ਸਲਾਹ ਅਤੇ ਪਿੰਡ ਵਾਸੀ ਆਪਣੀ ਸਮੱਸਿਆ ਜਾਂ ਸ਼ਿਕਾਇਤ ਦਰਜ ਕਰ ਸਕਣ। ਬਲਾਕ ਤਲਵੰਡੀ ਸਾਬੋ ਦੇ ਇੱਕ ਮਹਿਲਾ ਪੰਚ ਨੇ ਸਹੁੰ ਚੁੱਕ ਸਮਾਗਮ 'ਚ ਸ਼ਮੂਲੀਅਤ ਲਈ ਪਹਿਲਾਂ ਸਧਾਰਨ ਨਵਾਂ ਸੂਟ ਸਿਉਣਾ ਦਿੱਤਾ ਸੀ ਜਿਸ ਨੇ ਠੰਢ ਵਧਣ ਕਾਰਨ ਹੁਣ ਵੱਖਰਾ ਗਰਮ ਸੂਟ ਸੁਆਇਆ ਹੈ। ਇਸ ਮਹਿਲਾ ਪੰਚ ਨੂੰ ਤਾਂ ਉਸ ਦਾ ਪਤੀ ਨਵਾਂ ਗਰਮ ਸ਼ਾਲ ਵੀ ਦਿਵਾਕੇ ਲਿਆਇਆ ਹੈ ਤਾਂ ਜੋ ਲੋੜ ਪੈਣ ਤੇ ਵਰਤੋਂ ਕੀਤੀ ਜਾ ਸਕੇ।

ਬਲਾਕ ਸੰਗਤ ਦੀ ਇੱਕ ਮਹਿਲਾ ਪੰਚ ਦੇ ਪਤੀ ਨੇ ਦੱਸਿਆ ਕਿ ਉਨ੍ਹਾਂ ਨੇ ਬੇਹੱਦ ਸਖਤ ਮੁਕਾਬਲੇ ਦੌਰਾਨ ਚੋਣ ਜਿੱਤੀ ਹੈ ਜਿਸ ਕਰਕੇ ਘਰ ਵਿੱਚ ਚਾਅ ਹੋਣਾ ਤਾਂ ਕੁਦਰਤੀ ਗੱਲ ਹੈ। ਉਹ ਤਾਂ ਆਪਣੀ ਪਤਨੀ ਦੇ ਨਾਮ ਵਾਲੇ ਵਿਜ਼ਟਿੰਗ ਕਾਰਡ ਵੀ ਛਪਾਉਣ ਬਾਰੇ ਸੋਚ ਰਿਹਾ ਹੈ । ਇੱਕ ਪੰਚ ਨੇ ਆਪਣੇ ਘਰ ਦੇ ਅੱਗੇ ਨਵੀਂ ਨੇਮ ਪਲੇਟ ਵੀ ਲਗਾ ਲਈ ਹੈ। ਗੋਨਿਆਣਾ ਬਲਾਕ ਦੀ ਮਹਿਲਾ ਪੰਚ ਨੇ ਵੀ ਸਹੁੰ ਚੁਕਣ ਵਾਲੇ ਦਿਨ ਲਈ ਨਵਾਂ ਸੂਟ ਸੁਆਇਆ ਹੈ ਜਦੋਂਕਿ ਉਸ ਦੇ ਪਤੀ ਨੇ ਸੂਟ ਨਾਲ ਮੈਚ ਕਰਦੇ ਰੰਗ ਦੀ ਨਵੀਂ ਜੈਕਟ ਬਣਵਾਈ ਹੈ। ਕਈ ਮਹਿਲਾ ਪੰਚ ਏਦਾਂ ਦੀਆਂ ਵੀ ਹਨ ਜਿੰਨ੍ਹਾਂ ਨੇ ਸਹੁੰ ਚੁੱਕ ਸਮਾਗਮ ਲਈ ਨਵੀਂਆਂ ਪੰਜਾਬੀ ਜੁੱਤੀਆਂ ਖਰੀਦੀਆਂ ਹਨ।

ਪਿੰਡਾਂ ਦੇ ਲੋਕਾਂ ਨੇ ਦੱਸਿਆ ਕਿ ਹੁਣ ਨਵੇਂ ਬਣੇ ਸਰਪੰਚ ਅਤੇ ਪੰਚ ਪੂਰੀ ਟੌਹਰ ਕੱਢ ਕੇ ਰੱਖਣ ਲੱਗੇ ਹਨ। ਵੇਰਵਿਆਂ ਅਨੁਸਾਰ ਕਈ ਸਰਪੰਚਾਂ ਅਤੇ ਪੰਚਾਂ ਨੇ ਨਵੇਂ ਫੋਨ ਵੀ ਲਏ ਹਨ। ਜੋ ਮਹਿਲਾ ਪੰਚ ਬਣੀਆਂ ਹਨ, ਉਨ੍ਹਾਂ ਦੇ ਪਤੀਆਂ ਨੇ ਉਨ੍ਹਾਂ ਨੂੰ ਨਵੇਂ ਮੋਬਾਈਲ ਫੋਨ ਲੈ ਕੇ ਦਿੱਤੇ ਹਨ। ਇਹ ਵੱਖਰੀ ਗੱਲ ਹੈ ਕਿ ਜਿਆਦਾਤਰ ਮਹਿਲਾ ਸਰਪੰਚਾਂ ਅਤੇ ਪੰਚਾਂ ਦੇ ਪਤੀਆਂ ਨੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਕੋਲ ਮੋਬਾਇਲ ਨੰਬਰ ਆਪਣਾ ਦਰਜ ਕਰਵਾਇਆ ਹੈ। ਬਲਾਕ ਭਗਤਾ ਭਾਈ ਅਤੇ ਮੌੜ ਦੇ ਨਵੇਂ ਚੁਣੇ ਪੰਚਾਂ ਨੇ ਮੁਕਤਸਰ ਦੇ ਮਸ਼ਹੂਰ ਟੇਲਰ ਮਾਸਟਰ ਤੋਂ ਚਿੱਟਾ ਕੁੜਤਾ ਪਜਾਮਾ ਬਣਵਾਇਆ ਹੈ ਜਦੋਂਕਿ ਨਵੀਂਆਂ ਜੈਕਟਾਂ ਬਨਵਾਉਣ ਵਾਲੇ ਪੰਚਾਂ ਦੀ ਗਿਣਤੀ ਵੀ ਕਾਫੀ ਵੱਡੀ ਹੈ।

ਦੱਸਣਯੋਗ ਹੈ ਕਿ ਇਹ ਟੇਲਰ ਮਸਟਰ ਐਨਾ ਨਾਮੀ ਹੈ ਕਿ ਬਠਿੰਡਾ, ਮਾਨਸਾ, ਬਰਨਾਲਾ, ਫਰੀਦਕੋਟ, ਫਿਰੋਜ਼ਪੁਰ, ਮੋਗਾ, ਲੁਧਿਆਣਾ ਅਤੇ ਸੰਗਰੂਰ ਆਦਿ ਜਿਲ੍ਹਿਆਂ ਦੇ ਸਿਆਸੀ ਲੀਡਰ ਪੁਸ਼ਾਕਾਂ ਦੀ ਸਿਲਾਈ ਲਈ ਮੁਕਤਸਰ ਪੁੱਜਦੇ ਹਨ ਜਿੰਨ੍ਹਾਂ ਦੇ ਦੇਖਾ ਦੇਖੀ ਐਤਕੀਂ ਦਰਜਨਾਂ ਦੀ ਗਿਣਤੀ 'ਚ ਸਰਪੰਚਾਂ ਅਤੇ ਪੰਚਾਂ ਨੇ ਵੀ ਮੁਕਤਸਰੀ ਕੁੜਤੇ ਪਜਾਮੇ ਸੁਆਏ ਹਨ। ਅਬੋਹਰ ਦੀ ਕੱਪੜੇ ਸਿਉਣ ਵਾਲੀ ਫਰਮ ਵੀਅਰਵੈਲ ਵੀ ਇਸ ਮਾਮਲੇ 'ਚ ਮਸ਼ਹੂਰ ਹੈ। ਦੋ ਦਰਜਨ ਤੋਂ ਵੱਧ ਪੰਚ ਅਜਿਹੇ ਦਿਖਾਈ ਦਿੱਤੇ ਹਨ ਜਿੰਨ੍ਹਾਂ ਨੇ ਸਹੁੰ ਚੁੱਕਣ ਮਗਰੋਂ ਆਪੋ ਆਪਣੇ ਪਿੰਡਾਂ ਵਿੱਚ ਧਾਰਮਿਕ ਸਮਾਗਮ ਵੀ ਕਰਵਾਉਣ ਦੀ ਗੱਲ ਆਖੀ ਹੈ। ਵੱਖ ਵੱਖ ਜਿਲ੍ਹਿਆਂ ਤੋਂ ਹਾਸਲ ਵੇਰਵਿਆਂ ਅਨੁਸਾਰ ਸਹੁੰ ਚੁੱਕ ਸਮਾਗਮਾਂ ਲਈ ਨਿਰੋਲ ਪਹਿਲੀ ਵਾਰ ਜਿੱਤਣ ਉਪਰੰਤ ਬਣੇ ਪੰਚਾਂ ਵੱਲੋਂ ਵੀ ਕਈ ਤਰਾਂ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।

ਅਫ਼ਸਰਾਂ ਦੀ ਮਿੱਠੇ ਤੋਂ ਤੌਬਾ

ਨਵੇਂ ਜਿੱਤੇ ਸਰਪੰਚਾਂ ਤੇ ਪੰਚਾਂ ਨੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਅਫਸਰਾਂ ਦੀ ਬੱਸ ਕਰਾ ਦਿੱਤੀ ਹੈ ਜੋ ਜਿੱਤਣ ਮਗਰੋਂ ਹੁਣ ਤੱਕ ਲੱਡੂ ਜਾਂ ਬਰਫੀ ਖੁਆ ਰਹੇ ਹਨ। ਇੱਕ ਅਧਿਕਾਰੀ ਨੇ ਦੱਸਿਆ ਕਿ ਉਸ ਨੇ ਐਨਾ ਮਿੱਠਾ ਛਕ ਲਿਆ ਹੈ ਕਿ ਡਰ ਲੱਗਦਾ ਹੈ ਕਿ ਕਿਧਰੇ ਸ਼ੂਗਰ ਹੀ ਨਾ ਹੋ ਜਾਵੇ।

# ਸਿੰਬਲਮਾਜਰਾ ਤੋਂ ਪਹਿਲੀ ਪਾਤਸ਼ਾਹੀ ਜੀ ਦੇ ਪ੍ਰਕਾਸ਼ ਦਿਹਾੜੇ 'ਤੇ ਨਗਰ ਕੀਰਤਨ ਕੱਢਿਆ

✦ ਪੰਜਾਬ ਦਾ ਖੁਲਾਸਾ

**ਨੂਰਪੁਰਬੇਦੀ, 17 ਨਵੰਬਰ (ਦਲਜੀਤ ਚਨੌਲੀ)**-ਤਖਤ ਸ਼੍ਰੀ ਕੇਸਗੜ੍ਹ ਸਾਹਿਬ ਸ਼੍ਰੀ ਅਨੰਦਪੁਰ ਸਾਹਿਬ ਜੀ ਦੀ ਛਤਰ-ਛਾਇਆ ਹੇਠ ਗੁਰਦੁਆਰਾ ਸ਼੍ਰੀ ਬਾਣਗੜ੍ਹ ਸਾਹਿਬ ਸਿੰਬਲਮਾਜਰਾ ਤੋਂ ਮਹਾਨ ਨਗਰ ਕੀਰਤਨ ਸਜਾਇਆ ਗਿਆ ? ਇਸ ਨਗਰ ਕੀਰਤਨ ਦੀ ਅਗਵਾਈ ਪੰਜ ਪਿਆਰਿਆਂ ਵੱਲੋਂ ਕੀਤੀ ਜਾ ਰਹੀ ਸੀ ?

ਉਕਤ ਨਗਰ ਕੀਰਤਨ ਨੂਰਪੁਰਬੇਦੀ ਦੇ ਮੁੱਖ ਬਾਜ਼ਾਰ ਅਤੇ ਬੱਸ ਸਟੈਂਡ ਸਹਿਤ ਵੱਖ-ਵੱਖ ਸਥਾਨਾਂ ਤੋਂ ਹੁੰਦਾ ਹੋਇਆ ਬਾਅਦ ਦੁਪਹਿਰ ਗੁਰਦੁਆਰਾ ਸਾਹਿਬ ਵਿਖੇ ਸੰਪੰਨ ਹੋਇਆ ਨਗਰ ਕੀਰਤਨ ਨਾਲ ਚੱਲ ਰਹੀਆਂ ਸੰਗਤਾਂ ਵੱਲੋਂ ਵਾਹਿਗੁਰੂ ਦਾ ਜਾਪ ਕੀਤਾ ਜਾ ਰਿਹਾ ਸੀ ਜਦਕਿ ਫੁੱਲਾਂ ਨਾਲ ਸਜੀ ਸੁੰਦਰ ਪਾਲਕੀ 'ਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼ੁਸ਼ੋਭਿਤ ਸਨ ਇਸ ਦੌਰਾਨ ਸ਼ਹਿਰ ਦੇ ਵੱਖ-ਵੱਖ ਸਥਾਨਾਂ 'ਤੇ ਧਰਮ ਪ੍ਰਚਾਰ ਕਮੇਟੀ ਤੋਂ ਪਹੁੰਚੇ ਢਾਡੀ ਜਥਿਆਂ ਤੋਂ ਇਲਾਵਾ ਕਥਾਵਾਚਕ ਸਤਵਿੰਦਰ ਸਿੰਘ ਵੱਲੋਂ ਸੰਗਤਾਂ ਨੂੰ ਗੁਰੂ ਸਾਹਿਬਾਨ ਜੀ ਦੇ ਧਾਰਮਿਕ ਫਲਸਫੇ ਤੋਂ ਜਾਣੂ ਕਰਵਾਉਂਦਿਆਂ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਜੀਵਨ 'ਚ ਧਾਰਨ ਦਾ ਉਪਦੇਸ਼ ਦਿੱਤਾ ਗਿਆ ਜਦਕਿ ਵਿਸ਼ੇਸ਼ ਰੂਪ 'ਚ ਪਹੁੰਚੇ ਤਖਤ ਸ਼੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਮਲਕੀਤ ਸਿੰਘ ਅਤੇ ਗੁਰਦੁਆਰਾ ਪਤਾਲ ਪੁਰੀ ਸਾਹਿਬ ਸ਼੍ਰੀ ਕੀਰਤਪੁਰ ਸਾਹਿਬ ਦੇ ਮੈਨੇਜਰ ਸੰਦੀਪ ਸਿੰਘ ਕਲੋਤਾ ਨੇ ਵੀ ਸੰਗਤਾਂ ਨੂੰ ਗੁਰ



ਸਾਹਿਬ ਦੀਆਂ ਮਹਾਨ ਸਿੱਖਿਆਵਾਂ ਅਤੇ ਸਿਧਾਂਤਾਂ ਤੋਂ ਜਾਣੂ ਕਰਵਾਇਆ

ਇਸਤੋਂ ਪਹਿਲਾਂ ਗੁਰਦੁਆਰਾ ਸ਼੍ਰੀ ਬਾਣਗੜ੍ਹ ਸਾਹਿਬ ਜੇਤੇਵਾਲ ਵਿਖੇ ਆਰੰਭ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਇਸ ਨਗਰ ਕੀਰਤਨ ਦੌਰਾਨ ਸਰਪੰਚ ਗੁਰਮੁੱਖ ਸਿੰਘ, ਸਾ. ਸਰਪੰਚ ਚੰਨਣ ਸਿੰਘ, ਕੇਹਰ ਸਿੰਘ ਭੱਠਲ, ਹਰਬੰਸ ਸਿੰਘ ਸੁੱਖੀ, ਮਾ. ਸਰਵਣ ਸਿੰਘ, ਪੰਚ ਗੁਰਵਿੰਦਰ ਬਿੱਟੂ, ਮਾ. ਸ਼ੀਤਲ ਸਿੰਘ, ਪਾਖਰ ਸੈਣੀ, ਸਾ. ਸਰਪੰਚ ਅਮਰ ਸਿੰਘ ਅਤੇ ਦੀਪ ਜੇਤੇਵਾਲ ਸਹਿਤ ਭਾਰੀ ਸੰਖਿਆ 'ਚ ਸੰਗਤਾਂ ਸ਼ਾਮਲ ਸਨ ਜੇਤੇਵਾਲ ਤੋਂ ਸਜਾਏ ਗਏ ਮਹਾਨ ਨਗਰ ਕੀਰਤਨ ਦੀ ਅਗਵਾਈ ਕਰਦੇ ਪੰਜ ਪਿਆਰੇ ਤੇ ਹਾਜ਼ਰ ਸੰਗਤਾਂ

# ਸ਼੍ਰੀ ਗੁਰੂਨਾਨਕ ਦੇਵ ਜੀ ਅਤੇ ਗਦਰੀ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਯਾਦ ਚ ਲੈਕਚਰ

✦ ਪੰਜਾਬ ਦਾ ਖੁਲਾਸਾ

**ਜਗਰਾਉਂ 17 ਨਵੰਬਰ (ਜਸਵਿੰਦਰ ਸਿੰਘ ਡਾਂਗੀਆ)** ਇਨਕਲਾਬੀ ਕੇਂਦਰ ਪੰਜਾਬ, ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ, ਪੇਂਡੂ ਮਜਦੂਰ ਯੂਨੀਅਨ ( ਮਸ਼ਾਲ) ਵੱਲੋਂ ਮਹਾਨ ਯੁੱਗਪਰਸ਼ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 555 ਵੇ ਜਨਮਦਿਨ ਅਤੇ ਲਾਹੌਰ ਸਾਜ਼ਿਸ਼ ਕੇਸ ਚ ਅੰਗਰੇਜ ਜਾਬਰ ਹਕੂਮਤ ਵਲੋ ਸਜਾਯਾਫਤਾ ਗਦਰ ਲਹਿਰ ਦੇ ਮਹਾਨ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਉੱਨਾਂ ਨਾਲ 16 ਨਵੰਬਰ 1915 ਨੂੰ ਫਾਂਸੀ ਚੜਣ ਵਾਲੇ ਸ਼ਹੀਦ ਜਗਤ ਸਿੰਘ ਸੁਰਸਿੰਘ , ਹਰਨਾਮ ਸਿੰਘ ਸਿਆਲਕੋਟੀ, ਬਖ਼ਸ਼ੀਸ਼ ਸਿੰਘ ਗਿੱਲਾਂਵਾਲੀ , ਵਿਸ਼ਨੂੰ ਗਣੇਸ਼ ਪਿੰਗਲੇ, ਸੁਰੈਣ ਸਿੰਘ ਛੋਟਾ, ਸੁਰੈਣ ਸਿੰਘ ਵੱਡਾ ਦੀ ਯਾਦ ਚ ਲੈਕਚਰ ਸਮਾਗਮ ਦਾ ਆਯੋਜਨ ਕੀਤਾ ਗਿਆ। ਸ਼ਹੀਦ ਨੱਛਤਰ ਸਿੰਘ ਯਾਦਗਾਰੀ ਹਾਲ ਵਿਖੇ ਸਭ ਤੋ ਪਹਿਲਾਂ ਸ਼ਹੀਦ ਦੀ ਤਸਵੀਰ ਨੂੰ ਨਾਰਿਆਂ ਦੀ ਗੂੰਜ ਚ ਫੁੱਲਪੱਤੀਆਂ ਭੇਟ ਕਰਨ ਉਪਰੰਤ ਦੋ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਦਿੱਤੀ ਗੀ। ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ ਦੇ ਕਲਾਕਾਰ ਰੁਪਿੰਦਰ ਤੇ ਰਜਿੰਦਰ ਨੇ ਸ਼ਹੀਦਾਂ ਨੂੰ ਸਮਰਪਤ ਕਵੀਸ਼ਰੀਆਂ ਪੇਸ਼ ਕਰਕੇ ਕਰਾਂਤੀਕਾਰੀ ਚੇਤਨਾ ਦਾ ਸੰਚਾਰ ਕੀਤਾ। ਕੰਵਲਜੀਤ ਖੰਨਾ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਸਾਥੀਆਂ ਦੀ ਕੁਰਬਾਨੀ ਅਤੇ ਜੀਵਨ ਮਕਸਦ ਬਾਰੇ ਚਾਨਣਾ ਪਾਇਆ। ਉੱਘੇ ਲੋਕਪੱਖੀ ਵਕੀਲ ਹਰਪ੍ਰੀਤ ਜੀਰਖ ਨੇ ਕੇਂਦਰ ਸਰਕਾਰ ਵਲੋ ਲਿਆਂਦੇ ਨਵੇ ਤਿੰਨ ਫੋਜਦਾਰੀ ਕਨੂੰਨਾ ਦੇ ਲੋਕ ਵਿਰੋਧੀ ਖਾਸੇ ਦਾ ਤਰਕ ਸਹਿਤ ਪਾਜ ਉਘੇੜਦਿਆ ਕਿਹਾ ਕਿ ਇਨਾਂ ਕਨੂੰਨਾ ਦੀ ਵੱਖ ਵੱਖ ਧਾਰਾਵਾਂ ਅਸਲ ਚ ਜਨਤਕ ਵਿਰੋਧ ਨੂੰ ਕੁਚਲਣ ਲ ?ੀ ਹਨ। ?ਨਾਂ ਧਾਰਾਵਾਂ ਦਾ ਨਾਮ ਬਦਲ ਕੇ ਅਸਲ ਚ ਹਕੂਮਤ ਦੇ ਜਾਬਰ ਦੰਦ ਹੋਰ ਤਿੱਖੇ ਕੀਤੇ ਗਏ ਹਨ। ਅਗਸਤ 2023 ਚ ਲੋਕਸਭਾ ਚੋ ਵਿਰੋਧੀ ਧਿਰ ਨੂੰ ਬਾਹਰ ਕੱਢ ਕੇ ਪਾਸ ਕੀਤੇ f ?ਨਾਂ ਕਨੂੰਨਾਂ ਰਾਹੀ ਹੱਕਾਂ ਲਈ ਸੰਘਰਸ਼ ਕਰਨ ਨੂੰ ਵੀ ਅੱਤਵਾਦੀ ਕਾਰਵਾ ?ੀ ਕਰਾਰ ਦੇ ਦਿੱਤਾ



ਗਿਆ ਹੈ। ਧਾਰਾ 113 ਤੇ 152 f ?ਸ ਦੀ ਸਟੀਕ ਅਤੇ ਖਤਰਨਾਕ ਹਿਟਲਰੀ ਮਿਸਾਲ ਹੈ। ਇਸ ਕਨੂੰਨ ਰਾਹੀ ਤਿੰਨ ਤੋ ਪੰਜ ਸਾਲ ਦੀ ਸਜਾ ਵਾਲੇ ਜੁਰਮ ਚ ਐਫ ਆ ?ੀ ਆਰ ਦਰਜ ਕਰਨ ਦੀ ਲੋੜ ਖਤਮ ਕਰਕੇ ਜਨਤਾ ਨੂੰ ਘੁੰਮਣਘੇਰੀ ਚ ਪਾ ਦਿੱਤਾ ਗਿਆ ਹੈ। f ?ਸ ਤਰਾਂ ਪੁਲਸ ਨੇ ਨਿਆਪਾਲਿਕਾ ਦਾ ਰੁਤਬਾ ਹਾਸਲ ਕਰ ਲਿਆ ਹੈ। ?ਹਨਾਂ ਕਿਹਾ ਕਿ f ?ਨਾਂ ਕਨੂੰਨਾਂ ਨੂੰ ਲਾਗੂ ਕਰਨ ਦਾ ਅਰਥ ਕਾਰਪੋਰੇਟ ਦੀ ਲੁੱਟ ਨੂੰ ਵਧਾ?ਣਾ ਹੈ ਤੇ ਦੇਸ਼ ਚ ਲੋਕਵਿਰੋਧੀ ਨੀਤੀਆ ਨੂੰ ਲਾਗੂ ਕਰਨਾ ਹੈ। f ?ਨਾਂ ਕਨੂੰਨਾਂ ਦੀ ਧਾਰਾ 356 ਕਿਸੇ ਵੀ ਨਾਮਜਦ ਦੋਸ਼ੀ ਦੀ ਗੈਰਹਾਜਰੀ ਚ ਕੇਸ ਚਲਾ?ਣ , ਗਵਾਹੀ ਭੁਗਤਾ?ਣ ਤੇ ਫੈਸਲਾ ਕਰਨ ਦਾ ਹੱਕ ਦਿੰਦੀ ਹੈ।?ਨਾਂ ਕਿਹਾ ਕਿ f ?ਨਾਂਕਨੂਨਾਂ ਨੂੰ ਰੱਦ ਕਰਾਉਣ ਦੇ ਸੰਘਰਸ਼ ਚ ਸਾਰੇ ਕਿਰਤੀ ਲੋਕਾਂ ਨੂੰ ਸ਼ਾਮਲ ਹੋਣਾ ਪਵੇਗਾ। ਅਗਲੇ ਸੈਸ਼ਨ ਚ ਉੱਘੇ ਤਰਕਸ਼ੀਲ ਆਗੂ ਸੁਰਜੀਤ ਦੌਧਰ ਨੇ ਬਾਬਾ ਨਾਨਕ ਦੇ ਫਲਸਫੇ ਦੀ ਅਸਲ ਸਿਖਿਆ ਦਾ ਹਵਾਲਾ ਦਿੰਦਿਆ ਨਿਜਵਾਦ, ਪਾਖੰਡ ਤੇ ਦੰਭ ਖਿਲਾਫ ਡੱਟਣ ਦਾ ਸੱਦਾ ਦਿੱਤਾ।ਪ੍ਰਸਿੱਧ ਚਿੱਤਰਕਾਰ ਜਸਵੰਤ ਸਿੰਘ ਵਲੋ ਬਾਬਾ ਨਾਨਕ ਦੇ ਲੰਮੀਆ ਵਾਟਾਂ ਵਾਲੇ ਪੈਰਾਂ ਦੇ ਪਹਿਲੇ ਨੰਬਰ ਤੇ ਆ? ਚਿੱਤਰ ਦਾ ਹਵਾਲਾ ਦਿੰਦਿਆ ਕਿਹਾ ਕਿ ਬਾਬਾ ਨਾਨਕ ਅਸਲ ਚ ਕਿਰਤੀ ਕਿਸਾਨ ਸੀ। ਸੱਚ ਦਾ ਪਾਂਧੀ ਸੀ। ਮਲਕ ਭਾਗੋਆ ਖਿਲਾਫ ਭਾ ?ੀ ਲਾਲੋਆ ਦਾ ਆੜੀ ਤੇ ਮਾਰਗ ਦਰਸ਼ਕ ਸੀ। ਉਨਾਂ ਕਿਹਾ ਕਿ ਘਰ ਬਾਰ ਤਿਆਗ ਕੇ ਮਨੁੱਖਤਾ ਦੀ ਭਲਾਈ ਲੀ ਬਾਬਰ ਸ਼ਾਹੀ ਨਾਲ ਟੱਕਰ ਲੈਣ ਵਾਲਾ ਬਾਬਾ ਨਾਨਕ ਅਸਲ ਚ ਭੁਲਾ ਦਿੱਤਾ ਗਿਆ ਹੈ ਤੇ ਕਰਮਾਂ ਤੇ ਕਿਸਮਤ ਦਾ ਫਲਸਫਾ ਗੁਰਬਾਣੀ ਦੇ ਨਾਂ ਤੇ ਵੰਡਿਆ ਜਾ ਰਿਹਾ ਹੈ।ਇਸ ਸਮੇ ਉੱਘੇ ਲੇਖਕ ਆਲੋਚਕ ਐਚ ਐਸ ਡਿੰਪਲ ਨੇ ਦੋਹਾਂ ਭਾਸਣਾਂ ਦੀ ਪ੍ਰੋੜਤਾ ਕਰਦਿਆ ਸਮਾਗਮ ਦੀ ਸਫਲਤਾ ਤੇ ਵਧਾਈ ਦਿੱਤੀ।

# ਸਿੰਬਾ: ਪਰਿਵਾਰ ਦਾ ਇੱਕ ਅਜਿਹਾ ਸਾਥੀ ਜੋ ਹਮੇਸ਼ਾ ਦਿਲਾਂ 'ਚ ਜਿਉਂਦਾ ਰਹੇਗਾ

ਜ਼ਿੰਦਗੀ ਵਿੱਚ ਕਈ ਵਾਰ ਅਜਿਹੇ ਪਲ ਆਉਂਦੇ ਹਨ ਜੋ ਸਾਡੀ ਜ਼ਿੰਦਗੀ ਵਿੱਚ ਕਈ ਅਭੁੱਲ ਯਾਦਾਂ ਪਿਛੇ ਛੱਡ ਜਾਂਦੇ ਹਨ। ਉਹ ਯਾਦਾਂ ਕਦੇ ਖੁਸ਼ੀ ਦੇ ਪਲ ਦੇ ਰੂਪ 'ਚ ਅਤੇ ਕਦੇ ਦਰਦ ਦੇ ਅਹਿਸਾਸ ਵਜੋਂ ਸਾਨੂੰ ਹਮੇਸ਼ਾ ਯਾਦ ਰਹਿੰਦੀਆਂ ਹਨ। ਇੱਕ ਅਜਿਹਾ ਹੀ ਯਾਦਗਾਰੀ ਕਿੱਸਾ ਦੀਪਕ ਜੱਗੀ ਦੀ ਜ਼ਿੰਦਗੀ ਨਾਲ ਵੀ ਜੁੜਿਆ, ਜਦੋਂ ਉਸਨੇ 11 ਨਵੰਬਰ 2020 ਨੂੰ ਦੇਹਰਾਦੂਨ ਤੋਂ ਕਮਕਾਜ ਦੇ ਸਿਲਸਿਲੇ ਵਿੱਚ ਵਾਪਸੀ ਕਰਦਿਆਂ ਕਰਨਾਲ ਦੇ ਇੱਕ ਪਿੰਡ ਵਿੱਚੋਂ ਛੋਟੇ ਜਿਹੇ ਲੇਬਰਾ ਨਸਲ ਦੇ ਪਪੀ ਨੂੰ ਖਰੀਦਿਆ। ਦੀਪਕ ਨੇ ਦਸਿਆ ਕਿ ਇਸ ਪਪੀ ਨੂੰ ਮੈਂ ਕਨਿਕਾ ( ਜੋ ਮੇਰੀ ਹੋਣ ਵਾਲੀ ਘਰਵਾਲੀ ਸੀ ) ਨੂੰ ਇੱਕ ਯਾਦਗਾਰ ਵਜੋਂ ਭੇਟ ਕੀਤਾ।

ਕਨਿਕਾ ਨੇ ਇਸ ਪਪੀ ਦਾ ਨਾਮ "ਸਿੰਬਾ" ਰੱਖਿਆ। ਸਿੰਬਾ ਸਾਡੇ ਪਰਿਵਾਰ ਦਾ ਜ਼ਿੰਦਗੀ ਭਰ ਲਈ ਇੱਕ ਅਹਿਮ ਹਿੱਸਾ ਬਣ ਗਿਆ। ਉਹ ਘਰ ਵਿੱਚ ਹਰ ਕੋਈ ਦੇ ਦਿਲ ਨੂੰ ਆਪਣੀ ਭੋਲੀ-ਭਾਲੀ ਅਤੇ ਚੁਲਬੁਲੀਆਂ ਸ਼ਰਾਰਤਾ ਨਾਲ ਜਿੱਤ ਲੈਂਦਾ। ਉਹ ਖਾਣ-ਪੀਣ, ਸੌਣ-ਉੱਠਣ



ਅਤੇ ਘਰ ਦੇ ਹਰ ਪਲ ਦਾ ਸਾਥੀ ਬਣ ਗਿਆ। ਘਰ ਦੇ ਹਰ ਮੈਂਬਰ ਨੇ ਉਸਨੂੰ ਅਪਣਾਇਆ, ਜਿਵੇਂ ਉਹ ਘਰ ਦਾ ਇੱਕ ਖ਼ੂਨ ਦਾ ਰਿਸ਼ਤਾ ਰੱਖਣ ਵਾਲਾ ਮੈਂਬਰ ਹੋਵੇ।

ਕਨਿਕਾ, ਜੋ ਸਿੰਬਾ ਨਾਲ ਬਹੁਤ ਜ਼ਿਆਦਾ ਜੁੜੀ ਹੋਈ ਸੀ, ਹਰ ਤਿਉਹਾਰ ਅਤੇ ਖਾਸ ਮੌਕੇ 'ਤੇ ਉਸਨੂੰ ਵੀ ਸ਼ਾਮਲ ਕਰਦੀ। ਭਾਈ ਦੂਜ 'ਤੇ ਟਿਕਾ ਲਗਾਉਣ ਤੋਂ ਲੈਕੇ ਉਸਦੇ ਜਨਮ ਦਿਨ 'ਤੇ ਕੇਕ ਕਟਣ ਤੱਕ, ਸਿੰਬਾ ਪਰਿਵਾਰ ਦੇ ਖਾਸ ਪਲਾਂ ਦਾ ਕੇਂਦਰ ਬਣਿਆ ਰਿਹਾ। ਇਹ ਸਭ ਕੁਝ ਵੇਖ ਕੇ ਮੈਨੂੰ ਵੀ ਬਹੁਤ ਖ਼ੁਸ਼ੀ ਹੁੰਦੀ ਸੀ। ਸਿੰਬਾ ਮੈਨੂੰ ਵੀ ਬਹੁਤ ਪਸੰਦ ਕਰਦਾ ਸੀ। ਜਦੋਂ ਵੀ ਮੈਂ ਆਪਣੇ ਸਹੁਰਿਆਂ ਦੇ ਘਰ ਜਾਂਦਾ, ਉਹ ਮੈਨੂੰ ਵੇਖਕੇ ਦੌੜਦਾ ਹੀ ਆਉਂਦਾ। ਇਹ ਸਭ ਵੇਖ ਕਨਿਕਾ ਨੇ ਮੈਨੂੰ ਕਹਿਣਾ, ਦੀਪਕ ਤੁਹਾਨੂੰ ਵੇਖਕੇ ਤਾਂ ਸਿੰਬਾ ਸਾਨੂੰ ਵੀ ਭੁੱਲ ਜਾਂਦਾ ਹੈ।

ਸਿੰਬਾ ਦੀ ਮਹੱਤਤਾ ਸਿਰਫ ਘਰ ਦੀ ਮਰਿਆਦਾ ਤੱਕ ਹੀ ਸੀਮਿਤ ਨਹੀਂ ਰਹੀ, ਉਹ ਘਰ ਦੇ ਸਾਰੇ ਮੈਂਬਰਾਂ ਦੇ ਸਤਿਕਾਰ ਅਤੇ ਪਿਆਰ ਦਾ ਅਹਿਸਾਸ ਬਣ ਗਿਆ। ਉਹ ਸਾਡੇ ਜੀਵਨ ਵਿੱਚ ਸੁਖ ਅਤੇ ਹੱਸਣ-ਖੇਡਣ ਦੇ ਪਲਾਂ ਨੂੰ ਵਧਾਉਂਦਾ ਰਿਹਾ। ਪਰ ਕਹਿੰਦੇ ਹਨ ਕਿ ਜ਼ਿੰਦਗੀ ਹਰ ਸਮੇਂ ਇਕੋ ਜਿਹੀ ਨਹੀਂ ਰਹਿੰਦੀ। ਪ੍ਰਭੂ ਦੇ ਇਰਾਦੇ ਕਦੇ ਕਦੇ ਸਾਡੀ ਸਮਝ ਤੋਂ ਪਰੇ ਹੁੰਦੇ ਹਨ।

ਇਹ ਸਾਰੇ ਪਲਾਂ ਦੀ ਮਿੱਠਾਸ ਵਿੱਚ ਕਾਲੇ ਸਾਏ ਦਾ ਹੱਲਾ ਤਾਂ ਉਸ ਵੇਲੇ ਪਿਆ, ਜਦੋਂ 14 ਨਵੰਬਰ 2024 ਨੂੰ ਸਿੰਬਾ ਨੇ ਸਾਨੂੰ ਹਮੇਸ਼ਾ ਲਈ ਅਲਵਿਦਾ ਆਖ ਦਿੱਤਾ। ਉਹ ਦਿਨ ਸਾਡੇ ਪਰਿਵਾਰ ਲਈ ਬਹੁਤ ਦਰਦਨਾਕ ਸੀ। ਸਿੰਬਾ, ਜੋ ਸਾਡੇ ਪਰਿਵਾਰ ਦਾ ਹਿੱਸਾ ਹੀ ਨਹੀਂ, ਸਾਡੀ ਜ਼ਿੰਦਗੀ ਦਾ ਇੱਕ ਅਹਿਮ ਅੰਗ ਵੀ ਬਣ ਗਿਆ ਸੀ, ਉਸਦੇ ਚਲੇ ਜਾਣ ਨਾਲ ਸਾਡੇ ਘਰ ਵਿੱਚ ਇੱਕ ਖਾਲੀਪਣ ਪੈਦਾ ਹੋ ਗਿਆ। ਉਸ ਦੀ ਗੈਰਹਾਜ਼ਰੀ ਨੂੰ ਅੱਜ ਵੀ ਸਾਰੇ ਪਰਿਵਾਰ ਵਾਲੇ ਮਹਿਸੂਸ ਕਰਦੇ ਹਨ।

ਸਿੰਬਾ ਨਾਲ ਜੁੜੀਆਂ ਯਾਦਾਂ ਸਾਡੇ ਦਿਲਾਂ ਵਿੱਚ ਹਮੇਸ਼ਾ ਜਿਉਂਦੀਆਂ ਰਹਿਣਗੀਆਂ। ਉਸਦੇ ਪਿਆਰ ਅਤੇ ਸਾਥ ਦੀ ਅਹਿਮੀਅਤ ਉਹਨਾਂ ਯਾਦਾਂ ਵਿਚ ਹੀ ਸਮਾ ਗਈ ਹੈ। ਉਹ ਘਰ ਦਾ ਸਿਰਫ ਪਾਲਤੂ ਨਹੀਂ, ਸਗੋਂ ਇੱਕ ਜਜ਼ਬਾਤੀ ਹਿੱਸਾ ਸੀ। ਉਸ ਦੇ ਸਾਥ ਨਾਲ ਸਾਡੇ ਪਰਿਵਾਰ ਨੂੰ ਜੋ ਅਨਮੋਲ ਪਲ ਮਿਲੇ, ਉਹਨਾਂ ਨੂੰ ਸਦਾ ਆਪਣੀ ਜ਼ਿੰਦਗੀ ਦਾ ਅਹਿਮ ਹਿੱਸਾ ਬਣਾ ਕੇ ਰੱਖਾਂਗੇ। ਸਿੰਬਾ ਭਾਵੇਂ ਅੱਜ ਸਾਡੇ ਕੋਲ ਨਹੀਂ ਹੈ, ਪਰ ਉਸ ਦੀ ਮਿੱਠੀ ਯਾਦ ਹਰ ਸਮੇਂ ਸਾਡੇ ਅੰਦਰ ਵਸੇਗੀ। ਉਸਦਾ ਲਾਡ, ਖੇਡਣਾ ਅਤੇ ਪਰਿਵਾਰ ਨਾਲ ਬਿਤਾਏ ਹੋਏ ਸੁੰਦਰ ਪਲ ਸਾਡੇ ਦਿਲਾਂ 'ਚ ਹਮੇਸ਼ਾ ਤਾਜ਼ਾ ਰਹਿਣਗੇ।



**ਬਲਦੇਵ ਸਿੰਘ ਬੇਦੀ**
**ਜਲੰਧਰ, 9041925181**

# ਹਫ਼ਤੇ ਵਿਚ ਪਾਓ ਲਾਇਟ ਕਾਂਪਲੈਕਸ਼ਨ



ਡਾਰਕ ਸਪੌਟ, ਫ੍ਰੈਕਲਜ਼ ਅਤੇ ਬੇਜਾਨ ਚਮੜੀ! ਮੌਸਮ ਦੇ ਬਦਲਾਅ ਦੇ ਕਾਰਨ ਚਮੜੀ ਨੂੰ ਨਾ ਜਾਣੇ ਕਿੰਨੀਆਂ ਸਮੱਸਿਆਵਾਂ ਝੱਲਣੀਆ ਹੋਣਗੀਆਂ। ਪਰ ਹੁਣ ਸਮਾਂ ਹੈ ਉਹਨਾਂ ਨਾਲ ਨਿਪਟਣ ਅਤੇ ਖੋਈ ਹੋਈ ਰੰਗਤ ਵਾਪਸ ਪਾਉਣ ਦਾ। ਜਿਵੇਂ-ਜਿਵੇਂ ਸਾਡੀ ਉਮਰ ਵੱਧਦੀ ਜਾਂਦੀ ਹੈ, ਸਕਿਨ ਟੋਨ ਵੀ ਬਦਲਦੀ ਜਾਂਦੀ ਹੈ। ਛਾਈਆਂ, ਰੁੱਖੀ ਚਮੜੀ ਅਤੇ ਡਾਰਕ ਸਪਾਟ ਸਾਫ ਨਜਰ ਆਉਣ ਲੱਗਦੇ ਹਨ ਅਤੇ ਚਮੜੀ ਉਹਨੀ ਸਾਫ਼ ਅਤੇ ਗੋਰੀ ਨਹੀ ਰਹਿ ਜਾਂਦੀ। ਉਸ 'ਤੇ ਸੀਜਨ ਦਾ ਅਸਰ ਵੀ ਹੁੰਦਾ ਹੈ। ਵਿੰਟਰ ਵਿਚ ਸਨਸਕਰੀਨ ਕ੍ਰੀਮ ਸ਼ਾਇਦ ਹੀ ਕੋਈ ਇਸਤੇਮਾਲ ਕਰਦਾ ਹੈ। ਨਾਲ ਹੀ ਖੁੱਲੀ ਠੰਡੀਆਂ ਹਵਾਵਾਂ ਚਮੜੀ ਦੀ ਉਪਰੀ ਪਰਤ ਨੂੰ ਕਾਫ਼ੀ ਹੱਦ ਤੱਕ ਨੁਕਸਾਨ ਪਹੁੰਚਾਉਦੀਆਂ ਹਨ। ਕਾਂਪਲੈਕਸ਼ਨ ਡਲ ਕਰ ਦਿੰਦੀਆਂ ਹਨ। ਸਾਧਾਰਨ ਅਤੇ ਰੁੱਖੀ ਚਮੜੀ 'ਤੇ ਖਾਸ ਤੌਰ ਤੇ ਇਹਨਾ ਦਾ ਅਸਰ ਹੁੰਦਾ ਹੈ। ਇਸ ਲਈ ਜੇਕਰ ਤੁਸੀ ਆਪਣੀ ਰੰਗਤ ਨੂੰ ਨਿਖਾਰਨਾ ਚਾਹੁੰਦੇ ਹੋ ਤਾਂ ਬਿਊਟੀ ਐਕਸਪਰਟ ਅੰਬਿਕਾ ਪਿਲੈ ਦੀ ਇਹ ਟ੍ਰਿਕਸ ਅਪਣਾਓ ਅਤੇ ਖੋਈ ਹੋਈ ਰੰਗਤ ਵਾਪਸ ਪਾਓ। ਸਨਬਲਾਕ ਗੋਰੀ ਰੰਗਤ ਪਾਉਣ ਦਾ ਸਭਤੋਂ ਆਸਾਨ ਉਪਾਅ ਹੈ ਰੋਜ ਸਨਬਲਾਕ ਦਾ ਇਸਤੇਮਾਲ। ਇਸ ਲਈ ਅਜਿਹਾ ਮਾਇਸ਼ਚਰਾਈਜਰ ਲਓ ਜਿਸ ਵਿਚ ਐਸਪੀਐਫ਼ 15 ਜਾਂ ਉਸਤੋਂ ਵੀ ਜਿਆਦਾ ਹੋਵੇ। ਸੁਬਹ ਚਿਹਰਾ ਧੋਣ ਤੋਂ ਬਾਅਦ ਇਸਨੂੰ ਲਗਾਉਣਾ ਨਾ ਭੁੱਲੋ। ਸਨਬਲਾਕ ਨਾ ਸਿਰਫ਼ ਤੁਹਾਡੀ ਚਮੜੀ ਨੂੰ ਡਾਰਕ ਹੋਣ ਤੋਂ ਬਚਾਉਦਾ ਹੈ, ਨੁਕਸਾਨਦਾਇਕ ਯੂਵੀ ਕਿਰਨਾਂ ਨਾਲ ਚਮੜੀ ਦੇ ਕੈਂਸਰ ਅਤੇ ਅਚਾਨਕ ਝੁਰੜੀਆਂ ਤੋਂ ਵੀ ਬਚਾਉਦਾ ਹੈ। ਆਪਣੇ ਹੱਥਾਂ 'ਤੇ ਵੀ ਸਨਬਲਾਕ ਜ਼ਰੂਰ ਲਗਾਓ।

**ਐਕਸਫੋਲਿਏਟ**

ਹਫ਼ਤੇ ਵਿਚ ਇਕ ਵਾਰ ਐਕਸਫੋਲੀਏਸ਼ਨ ਨਾਲ ਚਮੜੀ ਦੇ ਡੈਡ ਸੈਲਜ ਨਿਕਲ ਜਾਦੇ ਹਨ ਅਤੇ ਉਹ ਗੋਰੀ-ਚਮਕਦਾਰ ਹੋ ਜਾਦੀ ਹੈ। 2 ਟੇਬਲ ਸਪੂਨ ਓਟਮੀਲ ਵਿਚ 2 ਟੇਬਲ ਸਪੂਨ ਬ੍ਰਾਊਨ ਸ਼ੂਗਰ ਅਤੇ 1/4 ਕੱਪ ਦੁੱਧ ਮਿਲਾ ਕੇ ਪੇਸਟ ਬਣਾਓ। ਇਸ ਨਾਲ ਗੋਲਾਈ ਵਿਚ ਘੁਮਾਉਦੇ ਹੋਏ ਸਕ੍ਰਬ ਕਰੋ। ਧੋ ਕੇ ਮਾਇਸ਼ਚਰਾਈਜਰ ਲਗਾਓ।

**ਮਾਸਕ ਪੌਂਵਰ**

ਗੋਰੀ ਰੰਗ ਪਾਉਣ ਲਈ ਘਰ 'ਤੇ ਇਹ ਮਾਸਕ ਤਿਆਰ ਕਰੋ- ਚੰਦਨ ਪਾਊਡਰ+ ਨਿੰਬੂ ਦਾ ਰਸ+ ਟਮਾਟਰ ਦਾ ਰਸ+ ਖੀਰੇ ਦਾ ਰਸ ਬਰਾਬਰ ਮਾਤਰਾ ਵਿਚ ਲੈ ਕੇ ਪੇਸਟ ਬਣਾਓ। ਚਿਹਰੇ 'ਤੇ ਲਗਾਤਾਰ ਸੁੱਕਣ ਦਿਓ। ਧੋ ਕੇ ਮਾਇਸ਼ਚਰਾਈਜਰ ਲਗਾਓ ਤਾਂਕਿ ਚਮੜੀ ਦੀ ਨਮੀ ਬਰਕਰਾਰ ਰਹੇ।

# ਕੀ ਤੁਸੀ ਰੈਡੀ ਹੋ ਵੈਡਿੰਗ ਸੀਜਨ ਦੇ ਲਈ...

**ਜਦੋਂ ਤੱਕ ਤੁਹਾਡੀ ਡ੍ਰੈਸ ਵਿਚ ਐਨਰਜ਼ੇਟਿਕ ਵਾਈਬ੍ਰੇਂਟ ਕਲਰਜ, ਨਿਊ ਪੈਟਰਨ ਅਤੇ ਕਟਸ ਨਹੀ ਹੋਣਗੇ ਉਦੋ ਤੱਕ ਤੁਸੀ ਵੈਡਿੰਗ ਸੀਜਨ ਨੂੰ ਪੂਰਾ ਇੰਨਜੁਆਏ ਨਹੀ ਕਰ ਪਾਉਣਗੀਆਂ। ਤੁਹਾਡੀ ਡ੍ਰੈਸ ਵੈਡਿੰਗ ਦੇ ਉਤਸ਼ਾਹ ਨੂੰ ਦੋਗੁਣਾ ਕਰ ਸਕਦੀ ਹੈ, ਪਰ ਵੈਡਿੰਗ ਦੇ ਦੌਰਾਨ ਤੁਹਾਡੇ ਕੋਲ ਕੰਮ ਵੀ ਬਹੁਤ ਰਹਿੰਦੇ ਹਨ। ਅਜਿਹੇ ਵਿਚ ਤੁਹਾਨੂੰ ਕੁਝ ਅਜਿਹੇ ਰੈਡੀ ਟੂ ਵੀਅਰ ਪਹਿਰਾਵੇ ਚਾਹੀਦੇ ਹਨ, ਜੋ ਦੇਖਣ ਵਿਚ ਟ੍ਰੈਂਡੀ ਲੱਗੋ ਅਤੇ ਤੁਹਾਨੂੰ ਸਭ ਦੇ ਅਕਰਸ਼ਣ ਦਾ ਕੇਂਦਰ ਵੀ ਬਣਾ ਦਿਓ। ਜੇਕਰ ਆਪਣੇ ਸਿੰਪਲ ਆਊਟਫਿਟ ਪਹਿਨਿਆ ਹੈ ਤਾਂ ਐਕਸੈਸਰੀਜ਼ ਸਟਾਈਲਿਸ਼ ਅਤੇ ਹੈਵੀ ਪਹਿਨੋ, ਤਾਂਕਿ ਤੁਹਾਡੇ ਲੁਕ ਵਿਚ ਲੱਗ ਜਾਵੇ ਤੜਕਾ ਗਲੈਮਰ ਦਾ...**

**ਰੰਗਾਂ ਦਾ ਖੁਸ਼ਨੁਮਾ ਜਾਦੂ**

ਆਪਣੀਆਂ ਖੁਸ਼ੀਆਂ ਦੇ ਰੰਗਾ ਨੂੰ ਹੋਰ ਜ਼ਿਆਦਾ ਗਹਿਰਾ ਕਰਨ ਦੇ ਲਈ ਬ੍ਰਾਇਟ ਕਲਰਜ਼ ਹੀ ਪਸੰਦ ਕਰੋ। ਅੱਜ ਕੱਲ ਗ੍ਰੀਨ, ਰੈਡ, ਮੈਰੂਨ, ਪਰਪਲ, ਯੈਲੋ ਵਰਗੇ ਵਾਈਬ੍ਰੇਂਟ ਕਲਰਜ਼ ਹੀ ਚਲਨ ਵਿਚ ਹਨ। ਫੈਸ਼ਨ ਡਿਜਾਇਨਰ ਅਨੁਪਮਾ ਦਿਆਲ ਕਹਿੰਦੀ ਹੈ, ਵੈਡਿੰਗ ਸੀਜਨ ਸਾਡੇ ਲਈ ਕਾਫ਼ੀ ਮਹੱਤਵਪੂਰਨ ਹੈ। ਮੈ ਤਾਂ ਕਹਿੰਦੀ ਹਾਂ, ਇਸ ਵੈਡਿੰਗ ਸੀਜਨ ਦਿਲ ਖੋਲ ਕੇ ਫੈਸ਼ਨ ਕਰੋ। ਮਸਤੀ ਭਰੇ ਰੰਗਾਂ ਦੇ ਨਾਲ ਸੈਲੀਬ੍ਰੇਟ ਕਰੋ ਇਸ ਵੈਡਿੰਗ ਸੀਜਨ ਨੂੰ। ਇਹਨੀ ਦਿਨੀਂ ਰੈਡ, ਗੁਲਾਬੀ ਵਰਗੇ ਕਲਰਜ਼ ਟ੍ਰੈਂਡ ਵਿਚ ਹਨ। ਮੈ ਤਾਂ ਇਸ ਸਾਲ ਵਿਲਜ ਲਾਇਫ਼ਸਟਾਇਲ ਇੰਡੀਆ ਫ਼ੈਸ਼ਨ ਵੀਕ ਵਿਚ ਆਪਣਾ ਕਲੈਕਸ਼ਨ 'ਗੁਲਾਬੀ' ਪੇਸ਼ ਕੀਤਾ ਸੀ। ਜਿਸ ਵਿਚ ਗੁਲਾਬੀ ਰੰਗ ਅਤੇ ਫੁੱਲਾਂ ਦੇ ਜਰੀਏ ਇਸਤਰੀ ਦੇ ਮਨ ਦੀ ਖੁਸ਼ੀ ਨੂੰ ਦਿਖਾਉਣ ਦੀ ਕੋਸ਼ਿਸ਼ ਕੀਤੀ ਸੀ। ਦਰਅਸਲ ਰੰਗਾਂ ਦੇ ਨਾਲ ਅਸੀ ਇਮੋਸ਼ਨਲੀ ਕਨੈਕਟ ਹੁੰਦੇ ਹਾਂ। ਅਜਿਹੇ ਵਿਚ ਚਟਖ, ਰੋਮਾਂਟਿਕ ਕਲਰਜ ਦੇ ਰੈਡੀ ਟੂਵੀਅਰ ਪਰਿਧਾਨ ਤੁਹਾਨੂੰ ਸਭਤੋਂ ਅਲੱਗ ਦਿਖਾਉਣਗੇ।



**ਵੀਅਰ ਸਾੜੀ ਲਹਿੰਗਾ**

ਫ਼ੈਸ਼ਨ ਵਿਚ ਇਹਨੀ ਦਿਨੀਂ ਪ੍ਰੇਟ-ਓ-ਪੋਟ੍ਰ ਯਾਨੀ ਰੈਡੀ ਟੂ ਵੀਅਰ ਕੱਪੜਿਆਂ ਦੀ ਧੂਮ ਹੈ। ਫੈਸ਼ਨ ਪਰਸਤਾਂ ਦੀ ਰੁਚੀ ਅਤੇ ਚਾਹਤ ਨੂੰ ਪਰਖਦੇ ਹੋਏ ਡਿਜਾਇਨਰਜ਼ ਇਸ ਦਿਸ਼ਾ ਵਿਚ ਨਿੱਤ ਨਵੇਂ ਐਕਸਪੇਰੀਮੈਂਟ ਕਰ ਰਹੇ ਹਨ। ਨਵੇਂ ਕਟਸ ਦੀ ਲਹਿੰਗਾ ਸਾੜੀ ਅਤੇ ਰੈਡੀ ਟੂ ਵੀਅਰ ਸਾੜੀ ਇਹਨੀ ਦਿਨੀਂ ਖਾਸੀ ਡਿਮਾਂਡ ਵਿਚ ਹੈ। ਇਹ ਲਹਿੰਗੇ ਅਤੇ ਸਾੜੀ ਦੋਨਾਂ ਦਾ ਲੁਕ ਦਿੰਦੀ ਹੈ। ਇਸਨੂੰ ਪਹਿਨਣ ਵਿਚ ਜ਼ਿਆਦਾ ਸਮਾਂ ਅਤੇ ਮਿਹਨਤ ਵੀ ਨਹੀ ਲੱਗਦੀ। ਇਸਦੀ ਖਾਸ ਗੱਲ ਇਹ ਹੈ ਕਿ ਇਸਨੂੰ ਸਾੜੀ ਦੀ ਬਜਾਏ ਸਕਰਟ ਦੀ ਤਰ੍ਹਾਂ ਪਹਿਨਣਾ ਹੁੰਦਾ ਹੈ, ਪਰ ਲੱਗਦੀ ਹੈ ਇਹ ਲਹਿੰਗਾ ਵਰਗਾ ਹੀ। ਇਹਨਾਂ ਸਾੜੀਆਂ ਨੂੰ ਪਹਿਨਣ ਨਾਂਲ ਸਮੇਂ ਦੀ ਬਚਤ ਤਾਂ ਹੁੰਦੀ ਹੀ ਹੈ ਨਾਲ ਹੀ ਟ੍ਰੈਡਿਸ਼ਨਲ ਲੁਕ ਵੀ ਮਿਲ ਜਾਂਦਾ ਹੈ। ਪਹਿਨਣ ਵਿਚ ਆਸਾਨ ਅਤੇ ਦੇਖਣ ਵਿਚ ਯੂਨਿਕ ਹੁੰਦਾ ਹੈ ਇਹ ਰੈਡੀ ਟੂ ਵੀਅਰ ਸਟਾਇਲ। ਰੈਡੀ ਟੂ ਵੀਅਰ ਸਾੜੀਆਂ ਦਾ ਕਾਂਨਸੈਪਟ ਆਉਣ ਤੋਂ ਬਾਅਦ ਸਾੜੀ ਬੰਨ੍ਹਣ ਦਾ ਪਹਿਲਾਂ ਵਰਗਾ ਝੰਝਟ ਵੀ ਨਹੀ ਰਿਹਾ ਹੈ।

**ਐਕਸੈਸਰੀਜ਼ ਵੀ ਹਨ ਅਹਿਮ**

ਇਹਨੀ ਦਿਨੀਂ ਫੈਸ਼ਨ ਡਿਜਾਇਨਰਜ਼ ਪਾਰੰਪਰਿਕ ਸਾੜੀ ਨੂੰ ਅਲੱਗ-ਅਲੱਗ ਤਰ੍ਹਾਂ ਨਾਲ ਬੰਨ੍ਹ ਕੇ ਉਸਨੂੰ ਆਧੁਨਿਕ ਰੂਪ ਦੇ ਰਹੇ ਹਨ। ਪਲਾਜੋ ਪੈਂਟ ਜਾਂ ਜੀਂਸ 'ਤੇ ਸਾੜੀ ਪਹਿਨਣ ਦਾ ਚੋਣ ਇਕਦਮ ਨਵਾਂ ਹੈ। ਹਾਲ ਹੀ ਵਿਚ ਸੰਪੰਨ ਵਿਲਜ ਲਾਇਫ਼ਸਟਾਇਲ ਇੰਡੀਆ ਫ਼ੈਸ਼ਨ ਵੀਕ ਵਿਚ ਵੀ ਇਹਨਾਂ ਦਾ ਕਾਫ਼ੀ ਟ੍ਰੈਂਡ ਨਜਰ ਆਇਆ। ਇਹਨੀ ਦਿਨੀਂ ਸਾੜੀ 'ਤੇ ਬੈਲਟ ਵਰਗੀ ਐਕਸੈਸਰੀਜ਼ ਕੈਰੀ ਕਰਨ ਦਾ ਵੀ ਫੈਸ਼ਨ ਹੈ। ਸਲਿਮ ਲੁਕ ਦੇ ਲਈ ਨੈਰੋ ਪੱਲਾ ਦਿੱਤਾ ਜਾਂਦਾ ਹੈ। ਸਾੜੀ ਨੂੰ ਗਲੈਮਰਸ ਲੁਕ ਦੇਣ ਲਈ ਬਲਾਊਜ ਵਿਚ ਵੀ ਐਕਸਪੇਰੀਮੈਂਟ ਕੀਤੇ ਜਾ ਰਹੇ ਹਨ। ਹੱਲਟਰ ਨੈਕ ਬਲਾਊਜ, ਸਲੀਵਲੈਸ ਬਲਾਊਜ, ਨੂਡਲ ਸਟ੍ਰੈਪ ਬਲਾਊਜ ਦੇ ਨਾਲ ਸਾੜੀ ਪਹਿਨ ਕੇ ਤੁਸੀ ਕੰਟੇਪਰੇਰੀ ਲੁਕ ਪਾ ਸਕਦੇ ਹੋ। ਐਥਨਿਕ ਲੁਕ ਲਈ ਬ੍ਰੋਕੇਡ ਚੋਲੀ ਬੈਸਟ ਔਪਸ਼ਨ ਹੈ। ਇਸ ਵੈਡਿੰਗ ਸੀਜਨ ਵਿਚ ਲਹਿੰਗੇ ਵੀ ਖਾਸ ਪਸੰਦ ਬਣੇ ਹੋਏ ਹਨ।

ਟ੍ਰੈਂਡ ਟ੍ਰੈਡੀਸ਼ਨਲ ਹੈਂਡਲੂਮਸ ਕਾਇਸ ਬਾਰ ਲੈਕਮੇ ਅਤੇ ਵਿਲਸ ਲਾਇਫ਼ਸਟਾਇਲ ਇੰਡੀਆ ਫ਼ੈਸ਼ਨ ਵੀਕ ਭਾਰਤੀ ਟੈਕਸਟਾਇਲ ਅਤੇ ਹੈਂਡਲੂਮ ਦੇ ਰੰਗ ਵਿਚ ਰੰਗੇ ਰਹੇ। ਗੌਰਾਂਗ, ਵਿਵੇਕ ਕੁਮਾਰ, ਸਾਮੰਤ ਚੌਹਾਨ ਅਤੇ ਰਾਹੁਲ ਮਿਸ਼ਰਾ ਦੇ ਨਾਲ ਕਈ ਫੈਸ਼ਨ ਡਿਜਾਇਨਰਜ਼ ਨੇ ਅੱਜ ਦੇ ਯੂਥ ਦੀ ਪਸੰਦ ਦੇ ਮੁਤਾਬਿਕ ਜਿਸ ਤਰ੍ਹਾਂ ਖਾਦੀ, ਚੰਦੇਰੀ, ਪਟੋਲਾ, ਭਾਗਲਪੁਰੀ ਸਿਲਕ ਅਤੇ ਮਲਮਲ ਸਹਿਤ ਕਈ ਸਾਰੇ ਟ੍ਰੈਡੀਸ਼ਨਲ ਫੈਬ੍ਰਿਕਸ ਨੂੰ ਕੰਟੇਪਰੇਰੀ ਸਟਾਇਲ ਦਿੱਤਾ, ਤਾਂ ਤਾਰੀਫ਼ ਦੇ ਕਾਬਲ ਸੀ। ਡਿਜਾਇਨਰ ਸ਼ਰੂਤੀ ਸੰਚੇਤੀ ਕਹਿੰਦੀ ਹੈ, ਇੰਡੀਅਨ ਫੈਬ੍ਰਿਕ ਨੂੰ ਮਾਡਰਨ ਸਟਾਇਲ ਦੇਣ ਨਾਲ ਭਾਰਤੀ ਪਰੰਪਰਾ ਅਤੇ ਵਿਰਾਸਤ ਨੂੰ ਅੱਗੇ ਲਿਜਾਣ ਦਾ ਮੌਕਾ ਮਿਲਿਆ ਹੈ ਅਤੇ ਇਹ ਵੈਡਿੰਗ ਸੀਜਨ ਇਹਨਾਂ ਦੇ ਨਾਲ ਮਨਾਉਣਾ ਚਾਹੀਦਾ। ਇਸ ਨਾਲ ਬਣੇ ਘੱਘਰਾ, ਅਨਾਰਕਲੀ, ਪਲਾਜੋ ਬੇਹੱਦ ਕੰਫਟ੍ਰੇਬਲ ਰਹਿੰਦੇ ਹਨ ਅਤੇ ਖੂਬਸੂਰਤ ਦਿਸਦੇ ਹਨ।

**ਸਲਵਾਰ ਅਤੇ ਲਹਿੰਗੇ ਹਨ ਸਦਾਬਹਾਰ**

ਸਲਵਾਰ 'ਤੇ ਐਕਸਪੇਰੀਮੈਂਟ ਕਰਨਾ ਚੰਗਾ ਹੈ। ਸਿੰਪਲ ਸਟ੍ਰੇਟ ਸਿਲਟ ਵਾਲੇ ਕੁੜਤੀ ਦੇ ਨਾਲ ਕਈ ਤਰ੍ਹਾਂ ਦੇ ਲੋਅਰਜ਼ ਪਹਿਨੇ ਜਾ ਸਕਦੇ ਹਨ ਜਿਵੇਂ ਪਲਾਜੋ ਪੈਂਟਸ, ਪਾਕਿਸਤਾਨੀ ਸਲਵਾਰ। ਪ੍ਰਿੰਟ ਜਾਂ ਕਢਾਈ ਸਲਵਾਰ ਦੇ ਨਾਲ ਸਿੰਪਲ, ਬ੍ਰਾਇਟ ਕਲਰ ਦੇ ਕੁੜਤੇ ਅਤੇ ਦੁੱਪਟੇ ਟੀਮ ਕਰੋ। ਅਤੇ ਗੱਲ ਜਦੋਂ ਲਹਿੰਗਿਆਂ ਦੀ ਕਰੀਏ ਤਾਂ ਏ-ਲਾਇਨ ਦੇ ਲਹਿੰਗੇ ਹਮੇਸ਼ਾ ਹੀ ਫੈਸ਼ਨ ਵਿਚ ਰਹਿੰਦੇ ਹਨਟ ਅਤੇ ਅਸੀ ਫਿਗਰ ਨੂੰ ਕਾਂਪਲੀਮੈਂਟ ਕਰਦੇ ਹਾਂ, ਪਰ ਜੇਕਰ ਸਲਿਮ ਫਿਜਿਕ ਹੈ ਤਾਂ ਫਿਸ਼ ਕਟ ਲਹਿੰਗੇ ਟ੍ਰੈਡਿਸ਼ਨਲ ਦੇ ਨਾਲ-ਨਾਲ ਮੌਡਰਨ ਲੁਕ ਵੀ ਦੇਣਗੇ।

**ਪ੍ਰਿੰਟਸ ਦਾ ਹੈ ਟ੍ਰੈਂਡ**

ਇਸ ਵੈਡਿੰਗ ਸੀਜਨ ਬ੍ਰਾਇਟ ਕਲਰਜ਼ ਇਨ ਹਨ। ਲੋਕ ਜਾਰਦੋਜੀ ਅਤੇ ਸੀਕੁਇੰਸ ਵਰਗੀ ਐਮਬ੍ਰੌਇਡਰੀ ਘੱਟ ਪਸੰਦ ਕਰ ਰਹੇ ਹਨ। ਉਹਨਾਂ ਨੂੰ ਜ਼ਿਆਦਾ ਜਗਮਗ ਨਹੀ ਚਾਹੀਦਾ। ਅੱਜ ਕੱਲ ਡਿਫਰੈਂਟ ਪ੍ਰਿੰਟਸ ਦਾ ਟ੍ਰੈਂਡ ਹੈ।

**ਮੌਮ ਦੀ ਵਾਰਡਰੋਬ ਵਿਚੋ ਕੱਢੋ ਸਾੜੀ**

ਇਸ ਵੈਡਿੰਗ ਸੀਜਨ ਐਂਮਬ੍ਰੌਇਡਰੀ ਵਾਲੇ ਅਨਾਰਕਲੀ ਕੁੜਤੇ ਬੈਕ ਸੀਟ 'ਤੇ ਹਨ। ਸਾੜੀ ਦਾ ਦੌਰ ਬਹੁਤ ਤੇਜੀ ਨਾਲ ਵਾਪਸ ਆ ਰਿਹਾ ਹੈ। ਤੁਸੀ ਕੁਝ ਨਾ ਕਰੋ। ਬਸ ਆਪਣੀ ਮੌਮ ਦੀ ਵਾਰਡਰੋਬ ਅਤੇ ਕੰਟਪਰੇਰੀ ਬਲਾਊਜ ਅਤੇ ਡ੍ਰੈਪਿੰਗ ਦੇ ਨਾਲ ਉਹਨਾ ਦੀ ਕੋਈ ਪੁਰਾਣੀ ਸਾੜੀ ਟ੍ਰਾਈ ਕਰੋ।

**ਚਾਹੁੰਗੀ ਇਹੀ ਡ੍ਰੈਸ ਪਹਿਨਣਾ- ਰਾਇਮਾ ਸੇਨ**

ਡਿਜਾਇਨਰ ਜੌਯ ਮਿਤਰਾ ਨੇ ਮੇਰੇ ਲਈ ਜੋ ਲਹਿੰਗਾ ਸਾੜੀ ਬਣਾਈ ਹੈ ਇਸਨੂੰ ਮੈਂ ਆਉਣ ਵਾਲੇ ਵੈਡਿੰਗ ਸੀਜਨ ਵਿਚ ਪਹਿਨਾਂਗੀ। ਇਹ ਰੈਡੀ ਟੂ ਵੀਅਰ ਹੈ ਅਤੇ ਇਸਦੇ ਪਾਰੰਪਰਿਕ ਰੰਗ (ਲਾਲ ਅਤੇ ਪੀਲਾ) ਮੈਨੂੰ ਬਹੁਤ ਪਸੰਦ ਹੈ।



# ਬੋਲਡ ਐਂਡ ਬਿਊਟੀਫੁੱਲ ਸੱਕਰਟ

ਇਹਨੀ ਦਿਨੀਂ ਫੈਸ਼ਨ ਵਿਚ ਟੌਪ 'ਤੇ ਹਨ ਪਿੰਡਲੀ (ਕਾਵਸ) ਤੱਕ ਟੇਪਰ ਕਰਦੀ ਹੋਈ ਸੈਮੀ ਫਿਟ ਸਟ੍ਰੇਟ ਕਟ ਮਿਡੀ। ਜਿਥੇ ਇਸਦਾ ਸੈਮੀ ਫਿਟ ਸਟਾਇਲ ਬਣਾਉਦਾ ਹੈ ਇਸਨੂੰ ਸਮਾਰਟ ਅਤੇ ਐਲੀਗੈਂਟ ਉਥੇ ਇਹ ਅਰਾਮਦਾਇਕ ਵੀ ਹੈ। ਸੈਮੀ ਫਿਟ ਯਾਨੀ ਹਲਕੀ ਲੂਜ ਫਿਟਿੰਗ ਦੀ ਹੋਣ ਦੇ ਕਾਰਨ ਇਸਨੂੰ ਪਹਿਨਣ 'ਤੇ ਮੂਵਮੈਂਟ ਵਿਚ ਆਸਾਨੀ ਰਹਿੰਦੀ ਹੈ। ਉਥੇ ਇਸਨੂੰ ਪਹਿਨਣ 'ਤੇ ਤੁਸੀ ਨਾ ਸਿਰਫ਼ ਸਲਿਮ ਲੱਗਦੇ ਹੋ, ਬਲਕਿ ਤੁਹਾਡੀ ਲੰਬਾਈ ਵੀ ਜ਼ਿਆਦਾ ਪ੍ਰਤੀਤ ਹੁੰਦੀ ਹੈ। ਇਸ ਮਿਡੀ ਵਿਚ ਸਟਾਂਇਲ ਦੇ ਵਿਕਲਪਾਂ ਦੀ ਕੋਈ ਕਮੀ ਨਹੀ ਹੈ। ਪੂਰੀ ਮਿਡੀ ਵਿਚ ਹੋਵੇ ਸੀਕੁਇਨ ਦਾ ਕੰਮ ਤਾਂ ਵੈਸਟਰਨ ਵੇਅਰ ਵਿਚ ਇਸਤੋਂ ਵੱਧ ਕੇ ਪਾਰਟੀ ਵੇਅਰ ਡ੍ਰੈਸ ਕੁਝ ਨਹੀ। ਉਥੇ ਪ੍ਰਿੰਟੇਡ ਅਤੇ ਪਲੇਨ ਕਲਰਜ਼ ਵਿਚ ਵੀ ਮੌਜ਼ੂਦ ਹਨ ਢੇਰ ਸਾਰੀ ਵੈਰਾਇਟੀ। ਇਸਦੇ ਨਾਲ ਹੀ ਡੈਨਿਮ ਅਤੇ ਸਟ੍ਰੈਚ ਕੱਪੜੇ ਵਿਚ ਇਹ ਸਟੂਡੈਂਟਸ ਵਿਚ ਵੀ ਪਾਪੁਲਰ ਹੋ ਰਹੀ ਹੈ। ਚੰਗੀ ਗੱਲ ਇਹ ਕਿ ਇਸਦੇ ਨਾਲ ਟੌਪ ਅਤੇ ਐਕਸੈਸਰੀਜ ਦੇ ਪਰਫੈਕਟ ਮਿਕਸ ਐਂਡ ਮੈਚ ਦੇ ਜਰੀਏ ਤੁਸੀ ਫਾਰੌਮਲ ਅਤੇ ਕੈਜੁਅਲ ਦੋਨੇ ਲੁਕ ਪ੍ਰਾਪਤ ਕਰ ਸਕਦੇ ਹੋ। ਜੇਕਰ ਚਾਹੋ ਕੈਜੁਅਲ ਲੁਕ ਤਾਂ ਸੈਮੀ ਫਿਟ ਸਟ੍ਰੇਟ ਕਟ ਮਿਡੀ ਦੇ ਨਾਲ ਮੈਚ ਕਰੋ ਹਲਕੀ ਲੂਜ ਫਿਟਿੰਗ ਦੇ ਬਲਾਊਜ। ਉਥੇ ਪ੍ਰਾਪਤ ਕਰਨਾ ਹੈ ਔਫਿਸ ਲੁਕ ਤਾਂ ਇਸਦੇ ਨਾਲ ਸ਼ਰਟ ਪਹਿਨ ਸਕਦੇ ਹੋ। ਇਸੇ ਪ੍ਰਕਾਰ ਐਕਸੈਸਰੀਜ ਦੀ ਗੱਲ ਕਰੀਏ ਤਾਂ ਕੈਜੁਅਲ ਲੁਕ ਨੂੰ ਕੰਪਲੀਮੈਂਟ ਕਰਨਗੇ ਫਲੈਟ ਜੁੱਤੇ, ਚੰਕੀ ਬ੍ਰੇਸਲੇਟ ਅਤੇ ਬ੍ਰੌਂਡੇਡ ਰਿਸਟ ਵੌਂਚ ਜਦੋਂਕਿ ਫਾਰਮਲ ਲੁਕ ਨੂੰ ਕੰਪਲੀਟ ਕਰੇਗੀ ਹਾਈ ਹੀਲ ਫੁਟਵੇਅਰ, ਖੂਬਸੂਰਤ ਕਫ ਜਾਂ ਐਲੀਗੈਂਟ ਰਿਸਟ ਵੌਂਚ। ਸਟ੍ਰੇਟ ਕਟ ਸੈਮੀ ਫਿਟ ਸਟਾਈਲਿਸ਼ ਮਿਡੀ ਦੀਆਂ ਇਹਨਾਂ ਖਾਸੀਅਤਾਂ ਦੀ ਵਜ੍ਹਾ ਨਾਲ ਇਹ ਵੈਸਟ੍ਰਨ ਵੇਅਰ ਇਹਨੀ ਦਿਨੀਂ ਕੰਗਨਾ ਰਣੌਤ, ਦੀਪਿਕਾ ਪਾਦੁਕੋਣ, ਪ੍ਰਿਅੰਕਾ ਚੋਪੜਾ ਸਹਿਤ ਅਨੇਕਾਂ ਬਾਲੀਵੁੱਡ ਅਭਿਨੇਤਰੀਆਂ ਦੀ ਪਹਿਲੀ ਪਸੰਦ ਬਣ ਗਈ ਹੈ।



# ਬਲਿੰਗ ਫੁਟਵੇਅਰ ਹੈ ਸਹੀ ਚੋਣ

**ਖੂਬਸੂਰਤ ਨਗਾਂ ਨਾਂਲ ਜੜੇ ਫੁਟਵੀਅਰ ਪਹਿਨਣ ਤੋਂ ਬਾਅਦ ਲੜਕੀਆਂ ਦਾ ਕਹਿਣਾ ਹੈ ਕਿ ਉਹਨਾਂ ਨੂੰ ਰਾਜਕੁਮਾਰੀ ਵਾਲੀ ਫੀਲਿੰਗ ਆਉਦੀ ਹੈ। ਵੈਸੇ ਇਹਨਾਂ ਫੁਟਵੀਅਰ ਦੀ ਖਾਸੀਅਤ ਇਹ ਹੈ ਕਿ ਜੇਕਰ ਪਾਰਟੀ ਵਿਚ ਜਾਣਾ ਹੈ ਅਤੇ ਜ਼ਿਆਦਾ ਤੜਕ-ਭੜਕ ਵਾਲੇ ਕੱਪੜੇ ਨਹੀ ਪਹਿਨਣਾ ਚਾਹੁੰਦੇ ਹੋ ਤਾਂ ਇਹ ਬਲਿੰਗ ਫੁਟਵੀਅਰਜ ਪਹਿਨ ਕੇ ਹੀ ਤੁਸੀ ਟ੍ਰੈਂਡੀ ਲੱਗ ਸਕਦੇ ਹੋ।**

ਸਭ ਚੀਜਾਂ ਦਾ ਦੌਰ ਬਦਲਦਾ ਰਹਿੰਦਾ ਹੈ ਚਾਹੇ ਉਹ ਕੱਪੜੇ ਹੋਣ ਜਾਂ ਫੁਟਵੀਅਰ ਅਤੇ ਲੜਕੀਆਂ ਹਰ ਫੈਸ਼ਲ ਵਿਚ ਅੱਗੇ ਰਹਿੰਦੀਆਂ ਹਨ। ਗੱਲ ਕਰਦੇ ਹਾਂ ਸੈਂਡਲ ਦੀ ਤਾਂ ਇਸਦਾ ਫੈਸ਼ਨ ਵੀ ਬਦਲਦਾ ਰਹਿੰਦਾ ਹੈ। ਆਏ ਦਿਨ ਕਈ ਨਾ ਕੋਈ ਨਵਾਂ ਫੈਸ਼ਲ ਆ ਹੀ ਜਾਂਦਾ ਹੈ। ਸਹੀ ਫੁਟਵੇਅਰਜ ਵੀ ਤੁਹਾਡੇ ਲੁਕ ਨੂੰ ਹੋਰ ਸਟਾਈਲਿਸ਼ ਬਣਾਉਦੇ ਹਨ। ਵੈਸੇ ਤੁਹਾਨੂੰ ਦੱਸ ਦੇਈਏ ਕਿ ਇਹਨੀ ਦਿਨੀਂ ਬਲਿੰਗ ਫੁਟਵੀਅਰ ਦਾ ਫੈਸ਼ਨ ਹਿਟਲਿਸਟ ਵਿਚ ਹੈ। ਖਾਸ ਕਰਕੇ ਪਾਰਟੀਆਂ ਵਿਚ ਇਹ ਤੁਹਾਨੂੰ ਬੋਲਡ ਲੁਕ ਦਿੰਦਾ ਹੈ।

ਖੂਬਸੂਰਤ ਨਗਾਂ ਨਾਂਲ ਜੜੇ ਫੁਟਵੀਅਰ ਪਹਿਨਣ ਤੋਂ ਬਾਅਦ ਲੜਕੀਆਂ ਦਾ ਕਹਿਣਾ ਹੈ ਕਿ ਉਹਨਾਂ ਨੂੰ ਰਾਜਕੁਮਾਰੀ ਵਾਲੀ ਫੀਲਿੰਗ ਆਉਦੀ ਹੈ। ਵੈਸੇ ਇਹਨਾਂ ਫੁਟਵੀਅਰ ਦੀ ਖਾਸੀਅਤ ਇਹ ਹੈ ਕਿ ਜੇਕਰ ਪਾਰਟੀ ਵਿਚ ਜਾਣਾ ਹੈ ਅਤੇ ਜ਼ਿਆਦਾ ਤੜਕ-ਭੜਕ ਵਾਲੇ ਕੱਪੜੇ ਨਹੀ ਪਹਿਨਣਾ ਚਾਹੁੰਦੇ ਹੋ ਤਾਂ ਇਹ ਬਲਿੰਗ ਫੁਟਵੀਅਰਜ ਪਹਿਨ ਕੇ ਹੀ ਤੁਸੀ ਟ੍ਰੈਂਡੀ ਲੱਗ ਸਕਦੇ ਹੋ।

ਖਾਸ ਕਰਕੇ ਜੇਕਰ ਤੁਸੀ ਨਾਇਟ ਪਾਰਟੀ ਵਿਚ ਜਾਣਾ ਹੈ ਅਤੇ ਸਿੰਪਲ ਦਿਸਣ ਦੇ ਨਾਲ-ਨਾਲ ਬੋਲਡ ਵੀ ਲੱਗਣਾ ਚਾਹੁੰਦੇ ਹੋ ਤਾਂ ਇਹ ਬਲਿੰਗ ਫੁਟਵੀਅਰ ਜਰੂਰ ਟ੍ਰਾਈ ਕਰੋ। ਨਾਇਟ ਪਾਰਟੀ ਦੇ ਲਈ ਬਲੈਕ, ਗੋਲਡ, ਸਿਲਵਰ ਅਤੇ ਬ੍ਰੌਂਜ ਕਲਰ ਫੁਟਵੀਅਰ ਕਿਸੇ ਵੀ ਡ੍ਰੈਸ ਦੇ ਨਾਲ ਪਰਫੈਕਟ ਲੱਗਣਗੇ। ਇਹ ਫੁਟਵੀਅਰ ਹਾਈ ਹੀਲਜ ਦੇ ਨਾਲ-ਨਾਲ ਫਲੈਟ ਵਿਚ ਵੀ ਉਪਲੱਬਧ ਹਨ। ਤੁਸੀ ਆਪਣੇ ਅਨੁਸਾਰ ਇਹ ਫੁਟਵੀਅਰ ਚੁਣ ਸਕਦੇ ਹੋ ਜੋ ਤੁਹਾਨੂੰ ਅਤੇ ਤੁਹਾਡੀ ਡ੍ਰੈਸ ਦੇ ਨਾਲ ਮੈਚ ਕਰਦੇ ਹੋਣ।



# 21 ਨਵੰਬਰ ਨੂੰ ਪਿੰਡ ਸੇਰੋਂ ਵਿਖੇ ਹੋਵੇਗੀ ਵਿਸ਼ਾਲ ਰੈਲੀ

## ਸੰਭੂ ਬਾਡਰ ਤੇ ਚੱਲ ਰਹੇ ਮੋਰਚੇ ਦੇ ਸਬੰਧ ਵਿੱਚ ਲਏ ਜਾਣਗੇ ਅਹਿਮ ਫੈਸਲੇ :- ਜਰਨੈਲ ਨੂਰਦੀ

ਪੰਜਾਬ ਦਾ ਖੁਲਾਸਾ



**ਸਰਾਏ ਅਮਾਨਤ ਖਾਂ, 17 ਨਵੰਬਰ (ਗੁਰਸ਼ਰਨ ਸਿੰਘ ਔਲਖ)** - ਕਿਸਾਨ ਮਜਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲ੍ਹਾ ਆਗੂ ਤੇ ਜੋਨ ਸੈਣ ਭਗਤ ਜੀ ਦੇ ਇਨਚਾਰਜ ਜਰਨੈਲ ਸਿੰਘ ਨੂਰਦੀ ਦੀ ਅਗਵਾਈ ਹੇਠ ਗੁਰਦੁਆਰਾ ਸੈਣ ਭਗਤ ਸੋਹਲ ਵਿਖੇ 21 ਨਵੰਬਰ ਨੂੰ ਬਾਬਾ ਸਿਧਾਣਾ ਜੀ ਦੇ ਅਸਥਾਨ ਪਿੰਡ ਸੇਰੋਂ ਵਿਖੇ ਇੱਕ ਵਿਸ਼ਾਲ ਰੈਲੀ ਕੀਤੇ ਜਾਣ ਦੇ ਸੰਬੰਧ ਵਿੱਚ ਜੋਨ ਪੱਧਰੀ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਕਿਹਾ ਗਿਆ ਕਿ 21 ਨਵੰਬਰ ਨੂੰ ਹੋਣ ਵਾਲੀ ਮਹਾਂ ਰੈਲੀ ਵਿੱਚ ਹਜਾਰਾਂ ਦੀ ਗਿਣਤੀ ਵਿੱਚ ਆਮ ਵਰਗ ਦੇ ਲੋਕ ,ਨੋਜਵਾਨ, ਕਿਸਾਨਾਂ, ਮਜਦੂਰਾਂ ਅਤੇ ਬੀਬੀਆ ਵੱਲੋਂ ਵੱਡੀ ਪੱਧਰ ਤੇ ਹਾਜਰੀ ਭਰੀ ਜਾਵੇਗੀ। ਵਿਸ਼ਾਲ ਰੈਲੀ ਵਿੱਚ ਸੰਭੂ ਬਾਡਰ ਤੇ ਚੱਲ ਰਹੇ ਮੋਰਚੇ ਦੇ ਸਬੰਧ ਵਿੱਚ ਅਹਿਮ ਫ਼ੈਸਲੇ ਲੈਕੇ ਮੋਰਚੇ ਨੂੰ ਮਜਬੂਤ ਕੀਤਾ ਜਾਵੇਗਾ।। ਇਸ ਮੌਕੇ ਪ੍ਰੈਸ ਨੋਟ ਜਾਰੀ ਕਰਦਿਆਂ ਜੋਨ ਪ੍ਰਧਾਨ ਪਰਮਜੀਤ ਸਿੰਘ ਛੀਨਾਂ, ਸਕੱਤਰ ਹਰਪ੍ਰੀਤ ਸਿੰਘ ਭੁੱਚਰ ਨੇ ਦੱਸਿਆ ਕਿ ਸੰਭੂ ਬਾਡਰ ਤੇ ਚੱਲ ਰਹੇ ਮੋਰਚੇ ਨੂੰ ਤਕਰੀਬਨ 278 ਦਿਨ ਹੋ ਗਏ ਹਨ ਜਿਸ ਵਿੱਚ ਅਨੇਕਾਂ ਕਿਸਾਨ ਮਜਦੂਰ ਅਤੇ ਬੀਬੀਆ ਸ਼ਹੀਦੀ ਦਾ ਜਾਮ ਪੀ ਗਏ ਹਨ ਪਰ ਸਰਕਾਰ ਕੁੰਭ ਕਰਨੀ ਨੀਂਦ ਵਿੱਚ ਸੁੱਤੀ ਪਈ ਹੈ। ਮੋਰਚੇ ਦੀ ਮਜਬੂਤੀ ਲਈ ਦੋਵਾਂ ਫੋਰਮਾਂ ਵੱਲੋਂ 16 ਨਵੰਬਰ ਅਤੇ 18 ਨਵੰਬਰ ਨੂੰ ਅਹਿਮ ਫ਼ੈਸਲੇ ਲਏ, ਜਾਣਗੇ। ਇਸੇ ਸਬੰਧ ਵਿੱਚ ਜਿਲ੍ਹਾ ਤਰਨਤਾਰਨ ਦੀ ਕੋਰ ਕਮੇਟੀ ਵੱਲੋਂ ਇੱਕ ਅਹਿਮ ਮੀਟਿੰਗ ਕੀਤੀ ਗਈ ਜਿਸ ਵਿੱਚ ਸੂਬੇ ਦੇ ਸੀਨੀਅਰ ਆਗੂ ਸਤਨਾਮ ਸਿੰਘ ਪੰਨੂੰ ਵਿਸ਼ੇਸ਼ ਤੌਰ ਤੇ ਹਾਜਿਰ ਹੋਏ।ਮੀਟਿੰਗ ਵਿੱਚ ਹਾਜਿਰ ਆਗੂਆਂ ਨੇ ਕਿਹਾ ਕਿ ਜੋ ਦੋਵੇਂ ਫੋਰਮ 16 ਅਤੇ 18 ਨਵੰਬਰ ਨੂੰ ਜੋ ਫੈਸਲੇ ਲੈਣਗੇ ਨੂੰ ਉਨ੍ਹਾਂ ਮੋਰਚੇ ਵਿੱਚ ਇੰਨ ਬਿੰਨ ਲਾਗੂ ਕੀਤਾ ਜਾਵੇਗਾ ਅਤੇ ਜੋ ਸਰਕਾਰ ਦੇ ਭਰਮ ਭੁਲੇਖੇ ਹਨ ਕਿ ਮੋਰਚੇ ਵਿੱਚ ਕਿਸਾਨਾਂ,ਮਜਦੂਰਾ ਦੀ ਗਿਣਤੀ ਘੱਟ ਰਹੀਂ ਹੈ ਉਹ ਵੀ ਦੂਰ ਕੀਤੇ ਜਾਣਗੇ। ਸੈਂਟਰ ਸਰਕਾਰ ਅਤੇ ਪੰਜਾਬ ਦੀ ਸਰਕਾਰ ਤੇ ਵਰਦਿਆ ਕਿਸਾਨ ਆਗੂਆਂ ਨੇ ਕਿਹਾ ਕਿ ਸਤਾ ਵਿੱਚ ਆਉਣ ਤੋਂ, ਪਹਿਲਾਂ ਕਿਸਾਨਾਂ ਦੀ ਹਮਾਇਤੀ ਕਹਾਉਣ ਵਾਲੀਆਂ ਸਰਕਾਰਾਂ ਕਿਸਾਨਾਂ ਨੂੰ ਮੰਡੀਆਂ ਵਿੱਚ ਆਪਣੀ ਫ਼ਸਲ ਵੇਚਣ ਵਾਸਤੇ ਦਿਨ ਰਾਤ ਮੰਡੀਆਂ ਵਿੱਚ ਰੋਲ ਰਹੀਆਂ ਹਨ । ਸਰਕਾਰਾਂ ਕਿਸਾਨਾਂ, ਮਜਦੂਰਾਂ ਅਤੇ ਆਮ ਵਰਗ ਦੇ ਲੋਕਾਂ ਦੀਆਂ ਮੁਸਕਿਲਾਂ ਹੱਲ ਕਰਨ ਵੱਲ ਧਿਆਨ ਨਹੀਂ ਦੇ ਰਹੀਆਂ। ਕਿਸਾਨ ਆਗੂਆਂ ਨੇ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਸਰਕਾਰਾਂ ਨੂੰ ਕਿਸਾਨਾਂ, ਮਜਦੂਰਾਂ ਅਤੇ ਆਮ ਵਰਗ ਦੀਆਂ ਮੰਗਾਂ ਵੱਲ ਧਿਆਨ ਦੇਣਾ ਚਾਹੀਦਾ ਹੈ ਨਹੀ ਤਾ ਆਉਦੇ ਦਿਨਾਂ ਵਿੱਚ ਸਰਕਾਰ ਦਾ ਵੱਡੇ ਪੱਧਰ ਤੇ ਵਿਰੋਧ ਕੀਤਾ ਜਾਵੇਗਾ। ਆਗੂਆਂ ਨੇ ਸਾਰੇ ਵਰਗ ਦੇ ਲੋਕਾਂ ਨੂੰ ਬੇਨਤੀ ਕਰਦਿਆਂ ਕਿਹਾ ਕਿ 21 ਨਵੰਬਰ ਨੂੰ ਕੀਤੀ ਜਾ ਰਹੀ ਰੈਲੀ ਵਿੱਚ ਇਕਾਈਆਂ ਵਿੱਚੋਂ ਕਿਸਾਨਾਂ ਮਜ਼ਦੂਰਾਂ ਬੀਬੀਆਂ ਦੀ ਹਾਜ਼ਰੀ ਵੱਧ ਤੋਂ ਵੱਧ ਗਿਣਤੀ ਵਿਚ ਹੋਣੀਂ ਚਾਹੀਦੀ ਹੈ ਜੋ ਆਪਣੇ ਹੱਕ ਸਰਕਾਰਾਂ ਦੀਆਂ ਧੋਣਾ ਤੇ ਗੋਡੇ ਰੱਖ ਕੇ ਲਏ ਜਾ ਸਕਣ। ਮੀਟਿੰਗ ਵਿੱਚ ਜੋਨ ਆਗੂ ਦਲਬੀਰ ਸਿੰਘ ਮੱਲ੍ਹੀ, ਮਲਕੀਤ ਸਿੰਘ ਬਘਿਆੜੀ, ਰਸ਼ਪਾਲ ਸਿੰਘ ਕਸੇਲ, ਲਖਵਿੰਦਰ ਸਿੰਘ ਵਲੰਟੀਅਰ, ਪ੍ਰਿਤਪਾਲ ਸਿੰਘ ਮਾਨਕਪੁਰਾ,ਰਾਮ ਸਿੰਘ ਕਲਸ, ਕਸ਼ਮੀਰ ਸਿੰਘ ਸੋਹਲ, ਗੁਰਪ੍ਰੀਤ ਸਿੰਘ ਸੋਹਲ, ਜਸਵਿੰਦਰ ਸਿੰਘ ਛੀਨਾਂ, ਕਾਰਜ਼ ਸਿੰਘ ਛੀਨਾਂ, ਅਮਰਜੀਤ ਸਿੰਘ ਛੀਨਾਂ, ਸਤਨਾਮ ਸਿੰਘ ਸੋਹਲ, ਡਾ? ਸਤਵਿੰਦਰ ਸਿੰਘ ਸਰਾਂ, ਦਿਲਬਾਗ ਸਿੰਘ ਸਰਾਂ, ਅੰਗਰੇਜ਼ ਸਿੰਘ ਕਲਸ ਤੇ ਹੋਰ ਆਗੂ ਹਾਜ਼ਰ ਸਨ।

# 25 ਲੜਕੀਆਂ ਨੂੰ ਸਿਲਾਈ ਮਸ਼ੀਨਾਂ ਭੇਟ

ਪੰਜਾਬ ਦਾ ਖੁਲਾਸਾ



**ਨੂਰਪੁਰਬੇਦੀ, 17 ਨਵੰਬਰ (ਦਲਜੀਤ ਚਨੌਲੀ)**– ਯੁਵਕ ਸੇਵਾਵਾਂ ਪੇਂਡਿ ਵਕਾਸ ਸਮਾਜ ਭਲਾਈ ਸੰਸਥਿ ਹਿਆਤਪੁਰ ਵਲੋਂ ਸੁਸਾਇਟੀ ਫ਼ਾਰ ਸਰਿਵਸ ਟੂ ਵ ਲੰ ਟੀ ਅ ਰ ਏਜੰਸੀਜ਼ ਨੌਰਥ ਪੰਜਾਬ (ਸੋਸਵਾ) ਦੇ ਸਿਹਯੋਗ ਪਿੰਡ ਹਿਆਤਪੁਰ ਵਿਖੇ ਚਲਾਏ ਜਾ ਰਹੇ ਸਿਲਾਈ ਕਢਾਈ ਸੈਂਟਰ ਦੀਆਂ 6 ਮਹੀਨੇ ਦਾ ਕੋਰਸ ਪੂਰਾ ਕਰ ਚੁੱਕੀਆਂ ਲੜਕੀਆਂ ਨੂੰ ਸਲਾਈ ਮਸ਼ੀਨਾਂ ਤੇ ਸ ਰ ਟੀ ਫ਼ਿ ਕੇ ਟ ਪ੍ਰਦਾਨ ਕਰਨ ਲਈ ਸਮਾਗਮ ਦਾ ਕਰਵਾ ਗਿਆ ਸੰਸਥਾ ਦੀ ਡਾਇਰੈਕਟਰ ਕਮਲੇਸ਼ ਕੁਮਾਰੀ ਦੀ ਅਗਵਾਈ ਹੇਠ ਕਰਵਾਏ ਸਮਾਗਮ ਦੌਰਾਨ ਮੁੱਖ ਮਿਹਮਾਨ ਵਜੋਂ ਹਾਜ਼ਰ ਹੋਈ ਸਰਪੰਚ ਕਮਲਜੀਤ ਕੌਰ ਨੇ ਕਿਹਾ ਕਿ ਅੱਜ ਦੇ ਯੁੱਗ 'ਚ ਮਹਿਗਾਈ ਤੇਜ਼ੀ ਨਾਲ ਵੱਧ ਰਹੀ ਹੈ ਤੇ ਘਰ ਇਕ ਜੀਅ ਵਲੋਂ ਖਰਚਾ ਚਲਾਉਣਾ ਮੁਸ਼ਕਿਲ ਹੈ ਜਿਸ ਕਰਕੇ ਔਰਤਾਂ ਦਾ ਵੀ ਅਪਣੇ ਪੈਰਾਂ ਤੇ ਖੜੇ? ਹੋਣ ਲਈ ਸਿੱਖਅਤ ਹੋਣਾ ਸਮੇਂ ਦੀ ਮੁੱਖ ਜ਼ਰੂਰਤ ਹੈ ?ਉਨ੍ਹਾਂ ਕਿਹਾ ਕਿ ਮਾਪੇ ਲੜਕੀਆਂ ਦੀ ਪੜ੍ਹਾਈ ਵੱਲ ਵੀ ਵਿਸ਼ੇਸ਼ ਧਿਆਨ ਦੇਣ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਹੋਏ ਨੰਬਰਦਾਰ ਸਤਪਾਲ ਰਾਣਾ ਨੇ ਕਿਹਾ ਕਿ ਲੜਕੀਆਂ ਸਰਕਾਰੀ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਤਾਂ ਜੋ ਉਹ ਅਪਣੀ ਆਰਿਥਕਤਾ ਨੂੰ ਹੋਰ ਮਜ਼ਬੂਤ ਬਣਾ ਸਕਣ ? ਸੰਸਥਾ ਦੀ ਡਾਇਰੈਕਟਰ ਕਮਲੇਸ਼ ਕੁਮਾਰੀ ਨੇ ਸਮਾਜਿਕ ਕਾਰਜ਼ ਜਾਰੀ ਰੱਖਣ ਦੀ ਵਚਨਬੱਧਤਾ ਦੁਹਰਾਈ ਤੇ ਆਏ ਮਿਹਮਾਨਾਂ ਦਾ ਧੰਨਵਾਦ ਕੀਤਾ ਇਸ ਤੋਂ ਉਪਰੰਤ ਮੁੱਖ ਮਿਹਮਾਨ ਨੇ ਸੰਸਥਾ ਦੀ ਤਰਫ਼ੋਂ ਸਲਾਈ ਤੇ ਕਢਾਈ ਦਾ ਕੋਰਸ ਮੁਕੰਮਲ ਕਰ ਚੁੱਕੀਆਂ 25 ਲੋੜਵੰਦ ਲੜਕੀਆਂ ਨੂੰ ਸਿਲਾਈ ਮਸ਼ੀਨਾਂ ਤੇ ਸਰਟੀਫ਼ੀਕੇਟ ਪ੍ਰਦਾਨ ਕੀਤੇ। ਸਮਾਗਮ ਦੌਰਾਨ ਪੰਚ ਸੁਮਨ ਰਾਣੀ, ਪੰਚ ਨੀਸ਼, ਸੀਰੋ ਦੇਵੀ ਅਤਿ ਸਲਾਈ ਟੀਚਰ ਸੁਲੇਖਾ ਸਿਹਤਿ ਪੰਡ ਦੇ ਪਤਵੰਤੇ ਸੱਜਣ ਹਾਜ਼ਰ ਸਨ f ਹਆਤਪੁਰਿ ਵਿਖੇ ਲੜਕੀਆਂ ਨੂੰf ਸਲਾਈ ਮਸ਼ੀਨਾਂ ਤੇ ਸਰਟੀਫਕੇਟ ਪ੍ਰਦਾਨ ਕਰਦੇ ਮੁੱਖ ਮਿਹਮਾਨ ਤੇ ਹੋਰ

# ਗਿੱਦੜਬਾਹਾ ਜਿਮਨੀ ਚੋਣਾਂ 'ਚ ਆਪ ਦੇ ਉਮੀਦਵਾਰ ਡਿੰਪੀ ਢਿੱਲੋਂ ਵੱਡੀ ਲੀਡ ਨਾਲ ਜਿੱਤ ਦਰਜ ਕਰਨਗੇ : ਸਰਪੰਚ ਰਣਧੀਰ ਸਿੰਘ ਚਹਿਲ

ਪੰਜਾਬ ਦਾ ਖੁਲਾਸਾ



ਜੈਤੋ,17 ਨਵੰਬਰ (ਮਨਜੀਤ ਸਿੰਘ ਢੱਲਾ) : ਵਿਧਾਨ ਸਭਾ ਹਲਕਾ ਗਿੱਦੜਬਾਹਾ ਤੋਂ ਜਿਮਨੀ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਦੇ ਸੁਝਵਾਨ ਉਮੀਦਵਾਰ ਹਰਦੀਪ ਸਿੰਘ ਡਿੰਪੀ ਢਿੱਲੋਂ ਦੇ ਹੱਕ ਚ ਪੂਰਾ ਸਾਥ ਮਿਲ ਰਿਹਾ ਹੈ ਅਤੇ ਲੋਕਾਂ ਦੇ ਫਤਵੇ ਤੋਂ ਪਤਾ ਲੱਗਦਾ ਹੈ ਕਿ ਡਿੰਪੀ ਢਿੱਲੋਂ ਦੀ ਜਿੱਤ ਪੱਕੀ ਹੈ ਸਿਰਫ਼ ਐਲਾਨ ਹੋਣਾ ਬਾਕੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਪਿੰਡ ਢੈਪਈ ਤੋਂ ਸਰਪੰਚ ਰਣਧੀਰ ਸਿੰਘ ਧੀਰਾ (ਚਹਿਲ) ਨੇ ਵੱਖ ਪਿੰਡਾਂ ਵਿੱਚ ਡਿੰਪੀ ਢਿੱਲੋਂ ਦੇ ਹੱਕ ਚੋਣ ਪ੍ਰਚਾਰ ਦੌਰਾਨ ਕੀਤਾ ਵੋਟਰਾਂ ਨੂੰ ਵੋਟ ਪਾਉਣ ਦੀ ਅਪੀਲ ਵੀ ਕੀਤੀ। ਉਨ੍ਹਾਂ ਕਿਹਾ ਕਿ ਗਿਦੜਬਾਹਾ ਜਿਮਨੀ ਚੋਣਾਂ ਵਿੱਚ ਡਿੰਪੀ ਢਿੱਲੋਂ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰਨਗੇ। ਉਨ੍ਹਾਂ ਵੱਲੋਂ ਹਲਕੇ ਦੇ ਵੱਖ ਵੱਖ ਪਿੰਡਾਂ ਵਿਚ ਆਮ ਆਦਮੀ ਪਾਰਟੀ ਦੇ ਆਗੂਆਂ ਨੂੰ ਲੈਕੇ ਸਰਪੰਚ ਰਣਧੀਰ ਸਿੰਘ ਚਹਿਲ ਢੈਪਈ ਦੀ ਅਗਵਾਈ ਹੇਠ ਚੋਣ ਪ੍ਰਚਾਰ ਕੀਤਾ ਜਾ ਰਿਹਾ ਹੈ। ਇਸ ਮੌਕੇ ਆਮ ਆਦਮੀ ਪਾਰਟੀ ਦੇ ਵਰਕਰ ਵੀ ਹਾਜ਼ਰ ਸਨ।

# ਅਕਾਲੀ ਆਗੂ ਸੁੱਚਾ ਸਿੰਘ ਲੰਗਾਹ ਵੱਲੋਂ ਆਪ ਉਮੀਦਵਾਰ ਦੀ ਹਮਾਇਤ ਦਾ ਐਲਾਨ

ਪੰਜਾਬ ਦਾ ਖੁਲਾਸਾ

ਗੁਰਦਾਸਪੁਰ/ਅੰਮ੍ਰਿਤਸਰ- ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਆਗੂ ਜਥੇਦਾਰ ਸੁੱਚਾ ਸਿੰਘ ਲੰਗਾਹ ਵੱਲੋਂ ਬਣਾਈ ਗਈ 31 ਮੈਂਬਰੀ ਕਮੇਟੀ ਨੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਦੀਪ ਰੰਧਾਵਾ ਨੂੰ ਸਮਰਥਨ ਦੇਣ ਦਾ ਰਸਮੀ ਤੌਰ 'ਤੇ ਐਲਾਨ ਕਰ ਦਿੱਤਾ ਹੈ। ਲੰਗਾਹ ਧੜੇ ਦੇ ਇਸ ਐਲਾਨ ਤੋਂ ਬਾਅਦ ਡੇਰਾ ਬਾਬਾ ਨਾਨਕ ਜ਼ਿਮਨੀ ਚੋਣਾਂ 'ਚ ਆਮ ਆਦਮੀ ਪਾਰਟੀ ਨੂੰ ਭਾਰੀ ਬੱਲ ਮਿਲਿਆ ਹੈ। ਦੱਸ ਦਈਏ ਕਿ ਸ਼੍ਰੋਮਣੀ ਅਕਾਲੀ ਦਲ ਦੇ ਉੱਘੇ ਆਗੂ ਸੁੱਚਾ ਸਿੰਘ ਲੰਗਾਹ ਵੱਲੋਂ ਡੇਰਾ ਬਾਬਾ ਨਾਨਕ ਹਲਕੇ ਦੇ ਅਕਾਲੀ ਆਗੂਆਂ ਦੀ ਇਕ 31 ਮੈਂਬਰੀ ਕਮੇਟੀ ਬਣਾਈ ਗਈ ਸੀ ਅਤੇ ਐਲਾਨ ਕੀਤਾ ਗਿਆ ਸੀ ਕਿ ਕੁਝ ਦਿਨ ਬਾਅਦ ਇਹ ਕਮੇਟੀ ਹਲਕੇ ਵਿੱਚ ਵਿਚਰ ਕੇ ਸਾਰੀਆਂ ਸਥਿਤੀਆਂ 'ਤੇ ਗੌਰ ਕਰਕੇ ਫੈਸਲਾ ਕਰੇਗੀ ਕਿ ਜ਼ਿਮਨੀ ਚੋਣਾਂ ਵਿੱਚ ਕਿਸ ਉਮੀਦਵਾਰ ਦਾ ਸਮਰਥਨ ਕਰਨਾ ਹੈ। ਇਸ ਤੋਂ ਬਾਅਦ ਅੱਜ ਇਸ 31 ਮੈਂਬਰੀ ਕਮੇਟੀ ਨੇ ਸਰਬ ਸੰਮਤੀ ਨਾਲ ਆਪਣਾ ਫੈਸਲਾ ਸੁਣਾ ਦਿੱਤਾ ਹੈ ਕਿ ਉਹ ਜ਼ਿਮਨੀ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਦੀਪ ਰੰਧਾਵਾ ਦਾ ਸਮਰਥਨ ਕਰੇਗੀ । ਹਾਲਾਂਕਿ ਕਮੇਟੀ ਵੱਲੋਂ ਇਹ ਵੀ ਕਿਹਾ ਗਿਆ ਹੈ ਕਿ ਇਹ ਉਨ੍ਹਾਂ ਦਾ ਡੇਰਾ ਬਾਬਾ ਨਾਨਕ ਹਲਕੇ ਲਈ ਨਿੱਜੀ ਫੈਸਲਾ ਹੈ ਨਾ ਕਿ ਪਾਰਟੀ ਦਾ। ਇਸ ਦੇ ਨਾਲ ਹੀ ਕਮੇਟੀ ਮੈਂਬਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਸਾਰੀਆਂ ਸਥਿਤੀਆਂ 'ਤੇ ਗੌਰ ਕੀਤਾ ਹੈ ਅਤੇ ਉਨ੍ਹਾਂ ਦਾ ਮੁੱਖ ਵਿਰੋਧ ਕਾਂਗਰਸ ਪਾਰਟੀ ਦੇ ਉਮੀਦਵਾਰ ਸੁਖਜਿੰਦਰ ਰੰਧਾਵਾ ਨਾਲ ਹੈ ।

# ਰਾਈਸ ਸ਼ੈੱਲਰ 'ਚ ਲੱਗ ਗਈ ਅੱਗ, ਆਸਮਾਨ ਤੱਕ ਉੱਠੀਆਂ ਲਪਟਾਂ, ਸੈਂਕੜੇ ਕੁਇੰਟਲ ਝੋਨਾ ਸੜ ਕੇ ਹੋਇਆ ਸੁਆਹ

ਪੰਜਾਬ ਦਾ ਖੁਲਾਸਾ




**ਹੁਸ਼ਿਆਰਪੁਰ** - ਚੰਡੀਗੜ੍ਹ ਰੋਡ 'ਤੇ ਸਥਿਤ ਇਕ ਰਾਈਸ ਸ਼ੈਲਰ 'ਚ ਸਵੇਰੇ ਅਚਾਨਕ ਭਿਆਨਕ ਅੱਗ ਲੱਗ ਗਈ, ਜਿਸ ਕਾਰਨ ਲੱਖਾਂ ਰੁਪਏ ਦਾ ਝੋਨਾ ਅੱਗ ਦੀ ਭੇਟ ਚੜ੍ਹ ਗਿਆ। ਸ਼੍ਰੀ ਰਾਧੇ ਰਾਈਸ ਮਿੱਲ ਦੇ ਮਾਲਕ ਆਸ਼ੀਸ਼ ਗੁਪਤਾ ਅਤੇ ਨਵੀਨ ਗੁਪਤਾ ਨੇ ਦੱਸਿਆ ਕਿ ਸਵੇਰੇ 7 ਵਜੇ ਦੇ ਕਰੀਬ ਸ਼ੈਲਰ ਦੇ ਡ੍ਰਾਇਰ 'ਚੋਂ ਅੱਗ ਦੀਆਂ ਲਪਟਾਂ ਨਿਕਲਦੀਆਂ ਵੇਖ ਕੇ ਸ਼ੈਲਰ ਮੁਲਾਜ਼ਮਾਂ ਨੇ ਉਨ੍ਹਾਂ ਨੂੰ ਸੂਚਿਤ ਕੀਤਾ ਅਤੇ ਅੱਗ ਬੁਝਾਉਣ ਦੀ ਕੋਸ਼ਿਸ਼ ਕੀਤੀ, ਪਰ ਅੱਗ ਨੇ ਪਲਾਂ 'ਚ ਹੀ ਵਿਕਰਾਲ ਰੂਪ ਧਾਰਨ ਕਰ ਲਿਆ।

ਸੂਚਨਾ ਮਿਲਣ 'ਤੇ ਮੌਕੇ 'ਤੇ ਪੁੱਜੇ ਫਾਇਰ ਬ੍ਰਿਗੇਡ ਦੇ ਮੁਲਾਜ਼ਮਾਂ ਗੁਰਦਿੱਤ ਸਿੰਘ, ਸੁਖਦੇਵ ਸਿੰਘ, ਅਜੇਪਾਲ ਸਿੰਘ, ਗਗਨਪ੍ਰੀਤ ਸਿੰਘ ਅਤੇ ਪਰਮਜੀਤ ਸਿੰਘ ਨੇ 2 ਫਾਇਰ ਟੈਂਕਰਾਂ ਦੀ ਮਦਦ ਨਾਲ ਅੱਗ ਬੁਝਾਉਣ ਦੀ ਕੋਸ਼ਿਸ਼ ਕੀਤੀ। ਘਟਨਾ ਦੇ ਸਮੇਂ ਝੋਨਾ ਦੀ ਡ੍ਰਾਇਰ 'ਚ ਪ੍ਰੋਸੈਸਿੰਗ ਚੱਲ ਰਹੀ ਸੀ, ਜਿਸ ਕਾਰਨ ਬਚਾਅ ਕੰਮਾਂ 'ਚ ਕਾਫ਼ੀ ਮੁਸ਼ਕਲ ਆ ਰਹੀ ਸੀ, ਇਸ ਦੇ ਬਾਵਜੂਦ ਫਾਇਰ ਮੈਨ ਡਟੇ ਰਹੇ। ਅੱਗ ਜ਼ਿਆਦਾ ਭੜਕਣ ਕਾਰਨ ਮੌਕੇ 'ਤੇ 10 ਹੋਰ ਫਾਇਰ ਟੈਂਡਰਾਂ ਨੂੰ ਬੁਲਾਇਆ ਗਿਆ ਅਤੇ ਲੱਗਭਗ 10 ਘੰਟਿਆਂ ਦੀ ਸਖ਼ਤ ਮਸ਼ੱਕਤ ਤੋਂ ਬਾਅਦ ਅੱਗ 'ਤੇ ਕਾਬੂ ਪਾਇਆ ਜਾ ਸਕਿਆ। ਇਸ ਘਟਨਾ 'ਚ ਸ਼ੈੱਲਰ ਦੇ ਤਮਾਮ ਮੁਲਾਜ਼ਮ ਸੁਰੱਖਿਅਤ ਦੱਸੇ ਜਾਂਦੇ ਹਨ। ਫਾਇਰ ਕਰਮੀਆਂ ਦੀ ਫੌਰੀ ਕਾਰਵਾਈ ਨਾਲ ਸ਼ੈੱਲਰ 'ਚ ਡਰਾਇਰ ਤੋਂ ਬਾਹਰ ਪਿਆ ਹੋਰ ਸਟਾਕ ਸੁਰੱਖਿਅਤ ਬਚਾ ਲਿਆ ਗਿਆ। ਅੱਗ ਲੱਗਣ ਦਾ ਕਾਰਨ ਫਿਲਹਾਲ ਬਿਜਲੀ ਦਾ ਸ਼ਾਰਟ ਸਰਕਿਟ ਦੱਸਿਆ ਜਾ ਰਿਹਾ ਹੈ। ਇਸ ਅੱਗ ਕਾਰਨ ਸੈਂਕੜੇ ਕੁਇੰਟਲ ਝੋਨਾ ਅੱਗ ਭੇਂਟ ਚੜ੍ਹ ਗਿਆ, ਜਿਸ ਦੀ ਕੀਮਤ ਲੱਖਾਂ 'ਚ ਦੱਸੀ ਜਾ ਰਹੀ ਹੈ। ਇਸ ਦੌਰਾਨ ਰਾਇਸ ਮਿੱਲਰਜ਼ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਅਜੀਤ ਨਾਰੰਗ, ਮਹਾਸਚਿਵ ਸੰਜੀਵ ਆਨੰਦ, ਉਪ-ਪ੍ਰਧਾਨ ਬਰਜਿੰਦਰ ਅੱਗਰਵਾਲ ਆਦਿ ਨੇ ਇਸ ਘਟਨਾ ਦੇ ਪ੍ਰਤੀ ਸਬੰਧਤ ਸ਼ੈਲਰ ਮਾਲਿਕਾਂ ਵਲੋਂ ਸੰਵੇਦਨਾ ਵਿਅਕਤ ਕੀਤੀ।

# ਕਿਸਾਨਾਂ ਨੇ ਖਨੌਰੀ ਬਾਰਡਰ ਉੱਪਰ ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਪਾਏ ਗਏ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਅਤੇ ਕੀਰਤਨੀ ਜੱਥਿਆਂ ਵੱਲੋ ਸਮੂਹ ਸੰਗਤ ਨੂੰ ਗੁਰੂ ਸਾਹਿਬ ਦੇ ਫਲਸਫੇ ਉੱਪਰ ਚੱਲਣ ਲਈ ਕੀਤਾ ਗਿਆ ਪ੍ਰੇਰਿਤ

## 26 ਨਵੰਬਰ ਤੋਂ ਸਰਕਾਰ ਵੱਲੋਂ ਕੀਤੇ ਗਏ ਵਾਅਦਿਆਂ ਅਤੇ ਲਿਖਤ ਵਿੱਚ ਮੰਨੀਆਂ ਗਈਆਂ ਮੰਗਾਂ ਨੂੰ ਲਾਗੂ ਕਰਵਾਉਣ ਲਈ ਜਗਜੀਤ ਸਿੰਘ ਡੱਲੇਵਾਲ ਬੈਠਣਗੇ ਮਰਨ ਵਰਤ ਉੱਪਰ

ਪੰਜਾਬ ਦਾ ਖੁਲਾਸਾ





**ਜੈਤੋ,17 ਨਵੰਬਰ( ਰਘੁਨੰਦਨ ਪਰਾਸ਼ਰ ):** ਖਨੌਰੀ ਉੱਪਰ ਲੱਗੇ ਮੋਰਚੇ ਉੱਪਰ ਪਹਿਲੇ ਪਾਤਸ਼ਾਹ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ 15 ਤਾਰੀਕ ਤੋਂ ਅਰੰਭ ਹੋਏ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਜਿਸ ਉਪਰੰਤ ਕਵੀਸ਼ਰੀ ਜੱਥਿਆਂ ਵੱਲੋ ਗੁਰੂ ਨਾਨਕ ਦੇਵ ਜੀ ਵੱਲੋ ਦੇ ਫਲਸਫੇ ਨਾਮ ਜਪੋ ਵੰਡ ਕੇ ਛਕੋ ਅਤੇ ਹੱਥੀਂ ਕਿਰਤ ਕਰੋ ਦੇ ਉੱਪਰ ਚੱਲਣ ਸੰਗਤਾਂ ਨੂੰ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਹੋਇਆ ਕਿਸਾਨ ਆਗੂਆਂ ਨੇ ਦੱਸਿਆ ਕਿ 13 ਫਰਵਰੀ 2024 ਤੋਂ ਕਿਸਾਨਾਂ ਅਤੇ ਮਜ਼ਦੂਰਾਂ ਵੱਲੋਂ ਖਨੌਰੀ,ਸ਼ੰਭੂ ਅਤੇ ਰਤਨਪੁਰਾ ਦੇ ਬਾਰਡਰਾ ਉੱਪਰ ਆਪਣੀਆ ਹੱਕੀ ਮੰਗਾਂ ਐਮ.ਐਸ.ਪੀ ਦਾ ਗਾਰੰਟੀ ਕਾਨੂੰਨ, ਕਿਸਾਨਾਂ-ਮਜ਼ਦੂਰਾਂ ਦੀ ਕੁੱਲ ਕਰਜ ਮੁਕਤੀ,ਸਵਾਮੀਨਾਥਨ ਕਮਿਸ਼ਨ ਦੇ 3+50 ਫਾਰਮੂਲੇ ਅਨੁਸਾਰ ਫਸਲਾ ਦੇ ਭਾਅ, 2013 ਦਾ ਭੂਮੀ ਅਧਿਗ੍ਰਹਿਣ ਕਾਨੂੰਨ ਲਾਗੂ ਕਰਨ, ਮਨਰੇਗਾ ਮਜਦੂਰਾਂ ਨੂੰ ਸਾਲ ਵਿੱਚ 200 ਦਿਨ ਰੁਜ਼ਗਾਰ ਦੇਣ ਅਤੇ ਮਨਰੇਗਾ ਨੂੰ ਖੇਤੀ ਨਾਲ ਜੋੜਨ,ਮਸਾਲੇ ਕਮਿਸ਼ਨ ਦੇ ਗਠਨ ਸਮੇਤ ਹੋਰ ਮੰਗਾਂ ਨੂੰ ਲਾਗੂ ਕਰਵਾਉਣ ਲਈ ਅੰਦੋਲਨ ਲੜਿਆ ਜਾ ਰਿਹਾ ਹੈ। ਜਗਜੀਤ ਸਿੰਘ ਡੱਲੇਵਾਲ ਨੇ ਅੱਗੇ ਗੱਲਬਾਤ ਕਰਦਿਆਂ ਕਿਹਾ ਕਿ ਉਹਨਾ ਵੱਲੋ ਅੰਦੋਲਨ ਸਰਕਾਰ ਵੱਲੋਂ ਕੀਤੇ ਗਏ ਵਾਅਦਿਆਂ ਨੂੰ ਲਾਗੂ ਕਰਾਉਣ ਲਈ ਹੀ ਸੰਘਰਸ਼ ਲੜਿਆ ਜਾ ਰਿਹਾ ਹੈ ਕਿਉਂਕਿ 2014 ਵਿੱਚ ਇਹ ਕੇਂਦਰ ਸਰਕਾਰ ਡਾਂ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਲਾਗੂ ਕਰਨ ਦੇ ਵਾਅਦੇ ਨਾਲ ਹੀ ਸੱਤਾ ਵਿੱਚ ਆਈ ਸੀ ਅਤੇ ਉਸ ਤੋਂ ਬਾਅਦ 2018 ਵਿੱਚ ਵੀ ਇਸ ਸਰਕਾਰ ਵੱਲੋਂ ਡਾਕਟਰ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ 3+50 ਦੇ ਫਾਰਮੂਲੇ ਅਨੁਸਾਰ ਫਸਲਾਂ ਦੇ ਭਾਅ ਦੇਣ ਦਾ ਵਾਅਦਾ ਕੀਤਾ ਗਿਆ ਸੀ ਅਤੇ ਉਸ ਤੋਂ ਬਾਅਦ ਕਿਸਾਨ ਅੰਦੋਲਨ ਦੌਰਾਨ ਵੀ ਇਸ ਸਰਕਾਰ ਵੱਲੋਂ ਕਿਸਾਨਾਂ ਮਜ਼ਦੂਰਾਂ ਦੀਆ ਮੰਗਾਂ ਲਿਖਤ ਵਿੱਚ ਮੰਨੀਆਂ ਗਈਆਂ ਸਨ ਪਰ ਕੇਂਦਰ ਸਰਕਾਰ ਆਪਣੇ ਕੀਤੇ ਉਹਨਾ ਵਾਅਦਿਆਂ ਤੋਂ ਮੁੱਕਰਦੀ ਹੋਈ ਅਤੇ ਆਪਣੀਆਂ ਮੰਨੀਆਂ ਹੋਈਆਂ ਉਹਨਾ ਮੰਗਾਂ ਨੂੰ ਲਾਗੂ ਕਰਨ ਦੀ ਬਜਾਏ ਕਾਰਪੋਰੇਟ ਘਰਾਣਿਆਂ ਨੂੰ ਕਿਸਾਨਾਂ ਦੀਆਂ ਜਮੀਨਾਂ ਖੋਹ ਕੇ ਦੇਣ ਲਈ ਹੀ ਸਾਜਿਸ਼ਾਂ ਰਚ ਰਹੀ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਇੱਕ ਪਾਸੇ ਕੇਂਦਰ ਤਾਂ ਸਰਕਾਰ ਸਵੈ-ਨਿਰਭਰ ਭਾਰਤ ਅਤੇ ਸਵਦੇਸ਼ੀ ਬਣਾਉਣ ਦਾ ਨਾਅਰਾ ਦਿੰਦੀ ਹੈ ਪਰ ਦੂਜੇ ਪਾਸੇ ਇਹ 1 ਲੱਖ 41 ਹਜ਼ਾਰ ਕਰੋੜ ਰੁਪਏ ਦੇ ਅਨਾਜ, ਤੇਲ ਅਤੇ 29 ਲੱਖ ਟਨ ਦਾਲਾਂ ਨੂੰ ਬਾਹਰੋਂ ਦਰਾਮਦ ਕਰਦੀ ਹੈ। ਕਿਸਾਨ ਆਗੂਆਂ ਨੇ ਕਿਹਾ ਕਿ MSP ਦਾ ਗਾਰੰਟੀ ਕਾਨੂੰਨ ਲਾਗੂ ਹੋਣ ਤੋਂ ਬਾਅਦ ਦੇਸ਼ ਦੀ ਆਰਥਿਕਤਾ ਦਾ ਪਹੀਆ ਵੀ ਤੇਜ਼ੀ ਨਾਲ ਚੱਲੇਗਾ ਅਤੇ ਕਿਸਾਨਾਂ ਨੂੰ ਜਦੋਂ ਉਨਾਂ ਦੀਆਂ ਸਾਰੀਆਂ ਫਸਲਾਂ ਦਾ ਭਾਅ ਸੁਆਮੀ ਨਾਥਨ ਕਮਿਸ਼ਨ ਦੇ ਫਾਰਮੂਲੇ 3+50 ਦੇ ਅਨੁਸਾਰ ਅਤੇ MSP ਦੇ ਗਰੰਟੀ ਕਾਨੂੰਨ ਦੇ ਅਨੁਸਾਰ ਮਿਲੇਗਾ ਤਾਂ ਕਿਸਾਨ ਵੀ ਉਹਨਾਂ ਫਸਲਾਂ ਨੂੰ ਬੀਜਣ ਲਈ ਤਰਜੀਹ ਦੇਵੇਗਾ ਜਿਨਾ ਫਸਲਾਂ ਨੂੰ ਸਰਕਾਰ ਵੱਲੋਂ ਹੁਣ ਬਾਹਰ ਤੋਂ ਮੰਗਵਾਇਆ ਜਾ ਰਿਹਾ ਹੈ। ਇਸ ਮੌਕੇ ਕਿਸਾਨ ਆਗੂਆਂ ਨੇ ਅੱਗੇ ਗੱਲਬਾਤ ਕਰਦੇ ਦੱਸਿਆ ਕਿ ਪਿੱਛਲੀ 13 ਫਰਵਰੀ ਤੋਂ ਆਪਣੀ ਹੱਕੀ ਮੰਗਾਂ ਲਈ ਬਾਰਡਰਾਂ ਉੱਪਰ ਲੜੇ ਜਾ ਰਹੇ ਅੰਦੋਲਨ ਨੂੰ ਹੋਰ ਤੇਜ਼ ਕਰਦੇ ਹੋਏ 26 ਨਵੰਬਰ ਤੋਂ ਸੀਨੀਅਰ ਕਿਸਾਨ ਆਗੂ ਸ. ਜਗਜੀਤ ਸਿੰਘ ਡੱਲੇਵਾਲ ਸਰਕਾਰ ਵੱਲੋਂ ਕੀਤੇ ਗਏ ਵਾਅਦਿਆਂ ਤੇ ਸਰਕਾਰ ਵੱਲੋਂ ਲਿਖਤ ਵਿੱਚ ਮੰਨਿਆ ਗਈਆਂ ਮੰਗਾਂ ਨੂੰ ਨੂੰ ਲਾਗੂ ਕਰਵਾਉਣ ਲਈ ਮਰਨ ਵਰਤ ਉਪਰ ਬੈਠਣਗੇ ਤਾਂ ਜੋ ਹਰ ਇੱਕ ਗਰੀਬ ਦੇ ਚੁੱਲੇ ਉੱਤੇ ਰੋਟੀ ਪੱਕਦੀ ਰਹੀ ਅਤੇ ਕਾਰਪੋਰੇਟ ਘਰਾਣਿਆਂ ਦੇ ਹੱਥਾਂ ਵਿੱਚ ਦੇਸ਼ ਦੇ ਸਰਮਾਏ ਨੂੰ ਅਤੇ ਕਿਸਾਨਾਂ ਮਜ਼ਦੂਰਾਂ ਦੀ ਜਮੀਨਾਂ ਨੂੰ ਆਉਣ ਤੋਂ ਬਚਾਇਆ ਜਾ ਸਕੇ ਤੇ ਜੇਕਰ ਜਗਜੀਤ ਸਿੰਘ ਡੱਲੇਵਾਲ ਨੂੰ ਇਸ ਦੌਰਾਨ ਕੁੱਝ ਹੁੰਦਾ ਹੈ ਤਾਂ ਉਹਨਾਂ ਤੋਂ ਬਾਅਦ ਹੋਰ ਸੀਨੀਅਰ ਕਿਸਾਨ ਆਗੂ ਮਰਨ ਵਰਤ ਉਪਰ ਬੈਠੇਗਾ ਅਤੇ ਇਹ ਮਰਨ ਵਰਤ ਉਸ ਸਮੇਂ ਤੱਕ ਜਾਰੀ ਰਹੇਗਾ ਜਦੋਂ ਤੱਕ ਸਰਕਾਰ ਵੱਲੋਂ ਉਹਨਾਂ ਮੰਗਾਂ ਨੂੰ ਮੰਨਿਆ ਨਹੀਂ ਜਾਂਦਾ। ਇਸ ਮੌਕੇ ਖਨੌਰੀ ਮੋਰਚੇ ਉੱਪਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਸਰਦਾਰ ਜਗਜੀਤ ਸਿੰਘ ਡੱਲੇਵਾਲ ਵੱਲੋਂ 26 ਨਵੰਬਰ ਤੋਂ ਆਰੰਭ ਕੀਤੇ ਜਾ ਰਹੇ ਮਰਨ ਵਰਤ ਦੇ ਐਲਾਨ ਨੂੰ ਤਾਕਤ ਦਿੰਦਿਆਂ ਹੋਇਆਂ ਐਸ.ਕੇ.ਐਮ ਗੈਰ ਰਾਜਨੀਤਿਕ ਅਤੇ ਕਿਸਾਨ ਮਜ਼ਦੂਰ ਮੋਰਚਾ ਅਤੇ ਸਮੂਹ ਸਾਧ ਸੰਗਤ ਵੱਲੋ ਸਿਰੋਪਾਓ ਬਖਸ਼ਿਆ ਗਿਆ ਅਤੇ ਦੋਨੋਂ ਫਰਮਾ ਵੱਲੋਂ ਮੋਰਚੇ ਨੂੰ ਜਿੱਤਣ ਦਾ ਪ੍ਰਣ ਕੀਤਾ ਅਤੇ ਪੂਰੇ ਪੰਡਾਲ ਦੇ ਵਿੱਚ ਜੈਕਾਰਿਆਂ ਦੇ ਨਾਲ ਸੰਗਤ ਵੱਲੋ ਇਸ ਮੋਰਚੇ ਨੂੰ ਮਜਬੂਤੀ ਦੇਣ ਲਈ ਹੁੰਗਾਰਾ ਭਰਿਆ ਗਿਆ। ਆਗੂਆਂ ਨੇ ਕਿਸਾਨਾਂ ਅਤੇ ਮਜ਼ਦੂਰ ਵੀਰਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਵੱਡੀ ਗਿਣਤੀ ਵਿੱਚ ਵਹੀਰਾਂ ਘੱਤਦੇ ਹੋਏ ਖਨੌਰੀ ਮੋਰਚੇ ਉੱਪਰ ਪਹੁੰਚਣ ਤਾਂ ਜੋ ਹੱਕੀ ਮੰਗਾਂ ਨੂੰ ਲਾਗੂ ਕਰਾਉਣ ਵਾਸਤੇ ਆਪਣੀ ਜ਼ਿੰਦਗੀ ਦਾਅ ਉੱਪਰ ਲਗਾਉਣ ਵਾਲੇ ਸਰਦਾਰ ਜਗਜੀਤ ਸਿੰਘ ਡੱਲੇਵਾਲ ਦੀ ਤਾਕਤ ਬਣੀਆ ਜਾ ਸਕੇ। ਇਸ ਮੌਕੇ ਬਲਦੇਵ ਸਿੰਘ ਸਿਰਸਾ,ਸੁਰਜੀਤ ਸਿੰਘ ਫੂਲ,ਸੁਖਜੀਤ ਸਿੰਘ ਹਰਦੋਝੰਡੇ, ਲਖਵਿੰਦਰ ਸਿੰਘ ਔਲਖ ਹਰਿਆਣਾ, ਰਾਜ ਸਿੰਘ ਥੇੜ੍ਹੀ,ਸੁੱਚਾ ਸਿੰਘ ਲੱਧੂ,ਮੰਗਲ ਸਿੰਘ ਸੰਧੂ,ਬਚਿੱਤਰ ਸਿੰਘ ਕੋਟਲਾ, ਸੁਰਜੀਤ ਸਿੰਘ ਸਿੱਧੂਪੁਰ, ਤੇਜਵੀਰ ਸਿੰਘ, ਜੰਗਵੀਰ ਸਿੰਘ ਪਰਮਜੀਤ ਸਿੰਘ ਆਦਿ ਕਿਸਾਨ ਆਗੂਆਂ ਵੱਲੋਂ ਵੀ ਸੰਬੋਧਨ ਕੀਤਾ ਗਿਆ।

# ਪ੍ਰਦਰਸ਼ਨਕਾਰੀਆਂ ਨੇ ਦਿੱਤਾ 24 ਘੰਟੇ ਦਾ ਅਲਟੀਮੇਟਮ, ਬੋਲੇ - ਦੋਸ਼ੀਆਂ ਖ਼ਿਲਾ.ਫ ਕਾਰਵਾਈ ਕਰੋ, ਨਹੀਂ ਤਾਂ...

ਪੰਜਾਬ ਦਾ ਖੁਲਾਸਾ



ਇੰਫਾਲ : ਮਣੀਪੁਰ ਦੇ ਜਿਰੀਬਾਮ 'ਚ 6 ਲੋਕਾਂ ਦੀਆਂ ਲਾਸ਼ਾਂ ਮਿਲਣ ਤੋਂ ਬਾਅਦ ਹਿੰਸਾ ਭੜਕ ਗਈ ਹੈ। ਹੁਣ ਸਿਵਲ ਸੋਸਾਇਟੀ ਗਰੁੱਪਾਂ ਨੇ ਰਾਜ ਸਰਕਾਰ ਨੂੰ 24 ਘੰਟੇ ਦਾ ਅਲਟੀਮੇਟਮ ਜਾਰੀ ਕਰ ਕੇ ਹਥਿਆਰਬੰਦ ਖਾੜਕੂ ਸਮੂਹਾਂ ਖ਼ਿਲਾਫ਼ ਫ਼ੈਸਲਾਕੁੰਨ ਕਾਰਵਾਈ ਦੀ ਮੰਗ ਕੀਤੀ ਹੈ।

ਜਿਰੀਬਾਮ ਜ਼ਿਲ੍ਹੇ ਵਿੱਚ ਛੇ ਲਾਪਤਾ ਲਾਸ਼ਾਂ ਮਿਲਣ ਤੋਂ ਬਾਅਦ ਗੁੱਸੇ ਵਿੱਚ ਆਈ ਭੀੜ ਨੂੰ ਖਿੰਡਾਉਣ ਲਈ ਸੁਰੱਖਿਆ ਬਲਾਂ ਨੇ ਅੱਥਰੂ ਗੈਸ ਦੇ ਗੋਲੇ ਛੱਡੇ। ਮਰਨ ਵਾਲਿਆਂ ਵਿੱਚ ਇੱਕ ਬੱਚਾ ਅਤੇ ਦੋ ਔਰਤਾਂ ਸ਼ਾਮਲ ਹਨ। ਜਿਰੀਬਾਮ 'ਚ ਬਰਾਕ ਨਦੀ 'ਚੋਂ ਅੱਠ ਮਹੀਨੇ ਦੇ ਬੱਚੇ ਸਮੇਤ ਛੇ ਲੋਕਾਂ ਦੀਆਂ ਲਾਸ਼ਾਂ ਬਰਾਮਦ ਹੋਈਆਂ ਹਨ। ਇਹ ਸਾਰੇ ਹਿੰਸਕ ਝੜਪਾਂ ਤੋਂ ਬਾਅਦ ਸੋਮਵਾਰ ਤੋਂ ਲਾਪਤਾ ਸਨ, ਜਿੱਥੇ ਸੁਰੱਖਿਆ ਬਲਾਂ ਨਾਲ ਗੋਲੀਬਾਰੀ ਵਿੱਚ 10 ਹਥਿਆਰਬੰਦ ਕੁਕੀ ਵਿਅਕਤੀ ਮਾਰੇ ਗਏ ਸਨ।

ਇਸ ਬਾਰੇ ਹੁਣ ਮੀਤੀ ਨਾਗਰਿਕ ਅਧਿਕਾਰ ਸਮੂਹ ਮਨੀਪੁਰ ਇੰਟੈਗਰਿਟੀ ਦੀ ਤਾਲਮੇਲ ਕਮੇਟੀ ਦੇ ਬੁਲਾਰੇ ਦਾ ਬਿਆਨ ਸਾਹਮਣੇ ਆਇਆ ਹੈ, ਉਨ੍ਹਾਂ ਕਿਹਾ, ਸੂਬੇ ਦੇ ਸਾਰੇ ਨੁਮਾਇੰਦਿਆਂ ਅਤੇ ਸਾਰੇ ਵਿਧਾਇਕਾਂ ਨੂੰ ਇਕੱਠੇ ਬੈਠ ਕੇ ਜਿੰਨੀ ਜਲਦੀ ਹੋ ਸਕੇ ਇਸ ਸੰਕਟ ਦਾ ਹੱਲ ਕਰਨਾ ਚਾਹੀਦਾ ਹੈ।" ਇਸ ਨੂੰ ਹੱਲ ਕਰਨ ਲਈ ਕੁਝ ਨਿਰਣਾਇਕ ਕਦਮ ਚੁੱਕੇ ਜਾਣੇ ਚਾਹੀਦੇ ਹਨ।

ਉਨ੍ਹਾਂ ਅੱਗੇ ਕਿਹਾ, "ਜੇ ਉਹ ਮਣੀਪੁਰ ਦੇ ਲੋਕਾਂ ਦੀ ਸੰਤੁਸ਼ਟੀ ਲਈ ਕੋਈ ਫ਼ੈਸਲਾ ਨਹੀਂ ਲੈਂਦੇ ਹਨ ਤਾਂ ਉਨ੍ਹਾਂ ਨੂੰ ਲੋਕਾਂ ਦੇ ਗੁੱਸੇ ਦਾ ਸਾਹਮਣਾ ਕਰਨਾ ਪਵੇਗਾ। ਅਸੀਂ ਭਾਰਤ ਸਰਕਾਰ ਅਤੇ ਮਨੀਪੁਰ ਸਰਕਾਰ ਨੂੰ ਹਥਿਆਰਬੰਦ ਅੱਤਵਾਦੀ ਸਮੂਹਾਂ ਵਿਰੁੱਧ ਫੈਸਲਾਕੁੰਨ ਕਾਰਵਾਈ ਕਰਨ ਲਈ 24 ਘੰਟਿਆਂ ਦਾ ਅਲਟੀਮੇਟਮ ਦਿੱਤਾ ਹੈ।

ਇਸ ਦੌਰਾਨ, ਮਣੀਪੁਰ ਸਰਕਾਰ ਨੇ ਵੀ ਕੇਂਦਰ ਨੂੰ ਰਾਜ ਦੇ ਛੇ ਪੁਲਿਸ ਥਾਣਿਆਂ ਦੇ ਅਧਿਕਾਰ ਖੇਤਰ ਵਿੱਚ ਆਉਂਦੇ ਖੇਤਰਾਂ ਤੋਂ ਅਫਸਪਾ ਦੀ ਸਮੀਖਿਆ ਕਰਨ ਅਤੇ ਹਟਾਉਣ ਦੀ ਬੇਨਤੀ ਕੀਤੀ ਹੈ। ਮਨੀਪੁਰ ਵਿੱਚ ਸੋਮਵਾਰ ਨੂੰ ਹਿੰਸਾ ਦੀ ਇੱਕ ਹੋਰ ਲਹਿਰ ਉਦੋਂ ਭੜਕ ਗਈ ਜਦੋਂ 11 ਸ਼ੱਕੀ ਅੱਤਵਾਦੀਆਂ ਨੇ ਮਨੀਪੁਰ ਦੇ ਜਿਰੀਬਾਮ ਜ਼ਿਲ੍ਹੇ ਵਿੱਚ ਇੱਕ ਪੁਲਿਸ ਸਟੇਸ਼ਨ ਅਤੇ ਨੇੜਲੇ ਸੀਆਰਪੀਐਫ ਦੇ ਕੈਂਪ ਉੱਤੇ ਆਧੁਨਿਕ ਹਥਿਆਰਾਂ ਨਾਲ ਹਮਲਾ ਕੀਤਾ।

# .ਗੈਰ-ਕਾਨੂੰਨੀ ਪਰਵਾਸੀਆਂ ਨੂੰ ਡਿਪੋਰਟ ਕਰੇਗੀ ਟਰੂਡੋ ਸਰਕਾਰ

ਪੰਜਾਬ ਦਾ ਖੁਲਾਸਾ



**ਵਿਨੀਪੈਗ, 16 ਨਵੰਬਰ-** ਕੈਨੇਡਾ ਵਿੱਚ ਗ਼ੈਰ-ਕਾਨੂੰਨੀ ਤੌਰ 'ਤੇ ਰਹਿੰਦੇ ਪਰਵਾਸੀਆਂ ਵਿਰੁੱਧ ਸਖ਼ਤੀ ਵਰਤਣ ਦੇ ਸੰਕੇਤ ਦਿੰਦਿਆਂ ਦੇਸ਼ ਦੇ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਕਿਹਾ ਕਿ ਸਸਤੇ ਮਜ਼ਦੂਰ ਮਿਲਣਾ ਬੀਤੇ ਸਮੇਂ ਦੀ ਗੱਲ ਹੋ ਚੁੱਕੀ ਹੈ ਅਤੇ ਹੁਣ ਕੈਨੇਡਿਆਈ ਰੁਜ਼ਗਾਰਦਾਤਾਵਾਂ ਨੂੰ ਉੱਚੀਆਂ ਦਰਾਂ 'ਤੇ ਕਾਮੇ ਰੱਖਣੇ ਹੋਣਗੇ। ਮਾਰਕ ਮਿਲਰ ਦਾ ਕਹਿਣਾ ਸੀ ਕਿ ਆਰਜ਼ੀ ਵੀਜ਼ਾ 'ਤੇ ਆਏ ਪਰ ਸਮੇਂ ਸਿਰ ਵਾਪਸੀ ਨਾ ਕਰਨ ਵਾਲੇ ਪਰਵਾਸੀਆਂ ਨੂੰ ਅਗਲੇ ਕੁਝ ਮਹੀਨਿਆਂ ਦੌਰਾਨ ਵੱਡੀ ਗਿਣਤੀ ਵਿੱਚ ਡਿਪੋਰਟ ਕੀਤਾ ਜਾ ਸਕਦਾ ਹੈ।ਮੰਨਿਆ ਜਾ ਰਿਹਾ ਹੈ ਕਿ ਡਿਪੋਰਟ ਕੀਤੇ ਜਾਣ ਵਾਲੇ ਪਰਵਾਸੀਆਂ ਵਿੱਚ ਜ਼ਿਆਦਾਤਰ ਉਹ ਲੋਕ ਹੋ ਸਕਦੇ ਹਨ, ਜਿਨ੍ਹਾਂ ਨੂੰ ਪਿਛਲੇ ਅੱਠ ਸਾਲਾਂ ਦੌਰਾਨ ਦੇਸ਼ ਛੱਡਣ ਦੇ ਹੁਕਮ ਦਿੱਤੇ ਗਏ ਪਰ ਉਨ੍ਹਾਂ ਨੇ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀਬੀਐੱਸਏ) ਦੇ ਅਧਿਕਾਰੀਆਂ ਦੀਆਂ ਅੱਖਾਂ ਵਿੱਚ ਘੱਟਾ ਪਾਉਂਦਿਆਂ ਆਪਣਾ ਟਿਕਾਣਾ ਹੀ ਬਦਲ ਲਿਆ। ਗ੍ਰੇਟਰ ਵੈਨਕੂਵਰ ਬੋਰਡ ਆਫ਼ ਟਰੇਡ ਵੱਲੋਂ ਕਰਵਾਏ ਗਏ ਸਮਾਗਮ ਵਿੱਚ ਪੁੱਜੇ ਇਮੀਗ੍ਰੇਸ਼ਨ ਮੰਤਰੀ ਨੇ ਅੱਗੇ ਕਿਹਾ ਕਿ ਰੁਜ਼ਗਾਰਦਾਤਾਵਾਂ ਅਤੇ ਕਾਮਿਆਂ ਦਰਮਿਆਨ ਸਭ ਤੋਂ ਮਾੜੇ ਸਬੰਧ ਆਰਜ਼ੀ ਪਰਵਾਸੀ ਕਾਮਿਆਂ ਦੀ ਸ਼੍ਰੇਣੀ ਵਿੱਚ ਦੇਖੇ ਜਾ ਸਕਦੇ ਹਨ, ਜਿੱਥੇ ਕਿਰਤੀਆਂ ਦਾ ਵੱਡੀ ਪੱਧਰ 'ਤੇ ਸ਼ੋਸ਼ਣ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਹੁਣ ਸਸਤੇ ਪਰਵਾਸੀ ਮਜ਼ਦੂਰ ਮਿਲਣ ਵਾਲਾ ਦੌਰ ਲੰਘ ਚੁੱਕਾ ਹੈ।

ਮਿੱਲਰ ਨੇ ਨਵੇਂ ਵਰ੍ਹੇ ਵਿੱਚ ਹਾਲਾਤ ਬਿਹਤਰ ਹੋਣ ਦੀ ਉਮੀਦ ਜਤਾਈ- ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਦੱਸਿਆ ਕਿ ਨਵੇਂ ਵਰ੍ਹੇ ਵਿੱਚ ਦਾਖ਼ਲ ਹੁੰਦਿਆਂ ਹਾਲਾਤ ਬਿਹਤਰ ਹੋਣਗੇ ਅਤੇ ਆਰਜ਼ੀ ਪਰਵਾਸੀ ਕਾਮਿਆਂ ਦੀ ਗਿਣਤੀ ਹੋਰ ਘੱਟ ਜਾਵੇਗੀ। ਉਨ੍ਹਾਂ ਦਲੀਲ ਦਿੱਤੀ ਕਿ ਕੈਨੇਡਾ ਵਿੱਚ ਮੌਜੂਦ ਕਿਰਤੀਆਂ ਨੂੰ ਪੀਆਰ ਦੇਣ ਵੱਲ ਧਿਆਨ ਕੇਂਦਰਿਤ ਕੀਤਾ ਜਾ ਰਿਹਾ ਹੈ ਅਤੇ ਵਿਦੇਸ਼ਾਂ ਤੋਂ ਕਿਰਤੀ ਸੱਦਣ ਦਾ ਰੁਝਾਨ ਘਟਿਆ ਹੈ।

# ਸ਼ਿਵਾ ਕਵਚ ਸੜਕ ਹਾਦਸਿਆਂ 'ਚ ਬਚਾਵੇਗਾ ਜ਼ਿੰਦਗੀ



ਭਾਰਤ 'ਚ ਹਰ ਸਾਲ ਵਾਹਨ ਹਾਦਸਿਆਂ ਕਾਰਨ 1,50,000 ਮੌਤਾਂ ਅਤੇ 4,00,000 ਲੋਕ ਗੰਭੀਰ ਜ਼ਖ਼ਮੀ ਹੁੰਦੇ ਹਨ। ਹੈਰਾਨੀ ਦੀ ਗੱਲ ਹੈ ਕਿ ਇਹ ਹਾਦਸੇ ਸੀਟ ਬੈਲਟ ਵਰਗੀਆਂ ਆਮ ਸੁਰੱਖਿਆ ਪ੍ਰਣਾਲੀਆਂ ਦੇ ਬਾਵਜੂਦ ਵਾਪਰਦੇ ਹਨ, ਜੋ ਕਰੈਸ਼ ਦੌਰਾਨ ਵਿਅਕਤੀ ਦੀ ਹਿਲਜੁਲ ਨੂੰ ਸੀਮਤ ਕਰਦੀ ਹੈ। ਏਅਰ ਬੈਗ ਵਿਅਕਤੀ ਨੂੰ ਜ਼ਖ਼ਮੀ ਹੋਣ ਤੋਂ ਬਚਾਉਣ ਲਈ ਖੁੱਲ੍ਹਦੇ ਹਨ। ਕਰੰਪਲ ਜ਼ੋਨ ਜੋ ਖ਼ਾਸ ਖੇਤਰ ਹੁੰਦਾ ਹੈ, ਨੂੰ ਘੱਟ ਮਜ਼ਬੂਤ ਬਣਾਇਆ ਗਿਆ ਹੈ, ਤਾਂ ਜੋ ਉਹ ਕਰੈਸ਼ ਦੀ ਊਰਜਾ ਦਾ ਕੁਝ ਹਿੱਸਾ ਆਪਣੇ ਅੰਦਰ ਸੋਖ ਲਵੇ। ਕੁਝ ਉੱਚ ਪੱਧਰੀ ਮਹਿੰਗੇ ਵਾਹਨਾਂ 'ਚ ਵਿਸ਼ੇਸ਼ ਬੋਰਾਨ ਸਟੀਲ ਦਾ ਬਣਿਆ ਯਾਤਰੀ ਕੈਬਿਨ ਹੁੰਦਾ ਹੈ, ਜੋ ਮਜ਼ਬੂਤ ਹੁੰਦਾ ਹੈ ਅਤੇ ਵਾਹਨ ਹਾਦਸੇ ਦੌਰਾਨ ਨੁਕਸਾਨਿਆ ਨਹੀਂ ਜਾਂਦਾ। ਅਜਿਹੇ ਸਿਸਟਮਾਂ ਦੇ ਬਾਵਜੂਦ ਹਰ ਸਾਲ ਕਾਰ ਦੁਰਘਟਨਾਵਾਂ ਕਾਰਨ 1,50,000 ਮੌਤਾਂ ਹੁੰਦੀਆਂ ਹਨ। ਸਰਕਾਰੀ ਤੇ ਗ਼ੈਰ-ਸਰਕਾਰੀ ਕਈ ਸੰਸਥਾਵਾਂ ਹਨ, ਜੋ ਮੌਤਾਂ ਤੇ ਜ਼ਖ਼ਮੀਆਂ ਦੀ ਗਿਣਤੀ ਨੂੰ ਘਟਾਉਣ ਦੀਆਂ ਕੋਸ਼ਿਸ਼ਾਂ ਕਰਦੀਆਂ ਹਨ। ਦਰਅਸਲ ਯੂਐੱਨਓ ਤੇ ਹੋਰ ਅੰਤਰਰਾਸ਼ਟਰੀ ਏਜੰਸੀਆਂ ਵਾਹਨ ਦੁਰਘਟਨਾਵਾਂ ਦੌਰਾਨ ਜਾਨਾਂ ਬਚਾਉਣ ਲਈ ਡੂੰਘੀਆਂ ਚਿੰਤਤ ਤੇ ਯਤਨਸ਼ੀਲ ਹਨ।

ਇਹ ਵਿਸ਼ਾ ਟਰਾਂਸਪੋਰਟ ਮੰਤਰੀ ਨਿਤਿਨ ਗਡਕਰੀ ਦੇ ਦਿਲ ਦੇ ਬਹੁਤ ਨੇੜੇ ਹੈ। ਉਨ੍ਹਾਂ ਦੇ ਸੁਝਾਅ ਅਤੇ ਮਾਰਗ-ਦਰਸ਼ਨ ਦੁਆਰਾ ਇਸ 'ਚ ਡੂੰਘੀ ਨਿੱਜੀ ਦਿਲਚਸਪੀ ਲੈਂਦਿਆਂ ਯਾਤਰੀ ਵਾਹਨਾਂ 'ਚ ਹੋਰ ਏਅਰ ਬੈਗ ਲਾਜ਼ਮੀ ਕੀਤੇ ਗਏ ਹਨ। ਉਨ੍ਹਾਂ ਨੇ ਏਅਰ ਬੈਗ ਨੂੰ ਸਸਤਾ ਬਣਾਉਣ ਲਈ ਵੀ ਕੰਮ ਕੀਤਾ ਹੈ, ਤਾਂ ਜੋ ਉਦਯੋਗ ਅਤੇ ਵਾਹਨ ਮਾਲਕ 'ਤੇ ਵਧੀ ਹੋਈ ਲਾਗਤ ਦਾ ਜ਼ਿਆਦਾ ਬੋਝ ਨਾ ਪਵੇ। ਰਾਸ਼ਟਰੀ ਤੇ ਅੰਤਰਰਾਸ਼ਟਰੀ ਕੋਸ਼ਿਸ਼ਾਂ ਦੇ ਬਾਵਜੂਦ ਵਾਹਨ ਦੁਰਘਟਨਾਵਾਂ ਕਾਰਨ ਮੌਤਾਂ ਅਣਸੁਲਝੀ ਸਮੱਸਿਆ ਹੈ। ਸਥਿਤੀ ਇਹ ਬਣ ਗਈ ਹੈ ਕਿ ਕੁਝ ਯੂਰਪੀਅਨ ਦੇਸ਼ਾਂ 'ਚ ਹਾਈਵੇਅ 'ਤੇ ਵਾਹਨਾਂ ਦੀ ਰਫ਼ਤਾਰ 30 ਕਿਲੋਮੀਟਰ ਪ੍ਰਤੀ ਘੰਟਾ ਤਕ ਘਟਾਉਣ ਉੱਤੇ ਗੰਭੀਰਤਾ ਨਾਲ ਵਿਚਾਰ ਕੀਤਾ ਜਾ ਰਿਹਾ ਹੈ।

ਸਮੱਸਿਆ 'ਤੇ ਵਰਤਮਾਨ 'ਚ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਨੂੰ ਬਿਆਨ ਕਰਨ ਤੋਂ ਬਾਅਦ ਪੰਜਾਬ ਦੇ ਦੋ ਖੋਜਕਰਤਾਵਾਂ ਦੀਆਂ ਪ੍ਰਾਪਤੀਆਂ ਨੂੰ ਸਾਹਮਣੇ ਲਿਆਉਣਾ ਮਹੱਤਵਪੂਰਨ ਹੈ ਤੇ ਉਨ੍ਹਾਂ ਦੀ ਨਵੀਨਤਾ ਨੇ ਜ਼ਖ਼ਮੀਆਂ ਅਤੇ ਮੌਤਾਂ ਦੀ ਗਿਣਤੀ ਨੂੰ ਜ਼ੀਰੋ ਤਕ ਘਟਾਉਣ ਦਾ ਵਾਅਦਾ ਕੀਤਾ ਹੈ। ਹੁਣ 2050 ਤਕ ਇੰਤਜ਼ਾਰ ਕਰਨ ਦੀ ਲੋੜ ਨਹੀਂ ਹੈ, ਜਿਸ ਦੀ ਹੋਰ ਅੰਤਰਰਾਸ਼ਟਰੀ ਸੰਸਥਾਵਾਂ ਉਮੀਦ ਕਰ ਰਹੀਆਂ ਹਨ। ਅਦੀਸ ਸਿੰਘ ਤੇ ਰਾਜਨਦੀਪ ਸਿੰਘ ਟਿਵਾਣਾ ਅਣਥੱਕ ਮਿਹਨਤ ਕਰ ਰਹੇ ਹਨ ਤੇ ਇਹ ਯਕੀਨੀ ਬਣਾਉਣ ਲਈ ਬਹੁਤ ਸਾਰਾ ਸਮਾਂ ਤੇ ਆਪਣਾ ਪੈਸਾ ਖ਼ਰਚ ਰਹੇ ਹਨ ਕਿ ਸਾਡੇ ਹਥਿਆਰਬੰਦ ਬਲਾਂ ਦੇ ਜਵਾਨ ਆਪਣੇ ਵਾਹਨਾਂ ਦੇ ਹੇਠਾਂ ਬਾਰੂਦੀ ਸੁਰੰਗ ਦੇ ਧਮਾਕਿਆਂ ਦੌਰਾਨ ਜ਼ਖ਼ਮੀ ਹੋਣ ਜਾਂ ਮਰ ਨਾ ਜਾਣ। ਉਨ੍ਹਾਂ ਨੂੰ ਇਸ ਕੰਮ ਲਈ ਭਾਰਤ ਸਰਕਾਰ ਦੇ ਵਿਗਿਆਨ ਤੇ ਤਕਨਾਲੋਜੀ ਵਿਭਾਗ ਦੇ ਵਿੰਗ ਟੈਕਨਾਲੋਜੀ ਇਨਫਰਮੇਸ਼ਨ ਫੋਰਕਾਸਟਿੰਗ ਕੌਂਸਲ ਵੱਲੋਂ 2012 'ਚ ਰਾਸ਼ਟਰੀ ਪੁਰਸਕਾਰ ਦਿੱਤਾ ਗਿਆ ਸੀ।

ਜਦੋਂ ਧਮਾਕੇ ਤੇ ਵਾਹਨ ਵਿਚਕਾਰ ਬਹੁਤ ਘੱਟ ਦੂਰੀ ਹੋਣ ਕਰਕੇ ਕਿਸੇ ਵਾਹਨ ਹੇਠਾਂ ਬਾਰੂਦੀ ਸੁਰੰਗ ਦਾ ਧਮਾਕਾ ਕੀਤਾ ਜਾਂਦਾ ਹੈ ਤਾਂ ਸੱਟਾਂ ਬਹੁਤ ਗੰਭੀਰ ਲੱਗਦੀਆਂ ਹਨ ਤੇ ਮੌਤ ਲਗਭਗ ਨਿਸ਼ਚਤ ਹੁੰਦੀ ਹੈ। ਇਸੇ ਕਰਕੇ ਬਾਰੂਦੀ ਸੁਰੰਗ ਦੁਨੀਆ ਭਰ ਵਿਚ ਅੱਤਵਾਦੀਆਂ ਦਾ ਪਸੰਦੀਦਾ ਹਥਿਆਰ ਹੈ। ਇਸ ਦਾ ਦੋ ਖੋਜਕਰਤਾ ਹੱਲ ਲੈ ਕੇ ਆਏ ਹਨ, ਜੋ ਹਲਕਾ ਤੇ ਘੱਟ ਮਾਤਰਾ ਵਾਲਾ ਹੈ ਅਤੇ ਵੱਡੀ ਮਾਤਰਾ ਵਿਚ ਉੱਚ ਵਿਸਫੋਟਕ ਦੇ ਪ੍ਰਭਾਵਾਂ ਨੂੰ ਖ਼ਤਮ ਕਰ ਸਕਦਾ ਹੈ। ਹਾਲਾਂਕਿ ਉਨ੍ਹਾਂ ਨੇ ਇਸ ਦਾ ਸਬੂਤ ਇਕ ਅਭਿਆਸ ਰਾਹੀਂ 2004 ਵਿਚ ਦਿੱਤਾ ਸੀ, ਜਿਸ ਦਾ ਪ੍ਰਯੋਗ 2019 'ਚ ਜਿਉਂਦੇ ਜਾਨਵਰਾਂ 'ਤੇ ਹੋਇਆ ਸੀ, ਜਿੱਥੇ ਜ਼ਰੂਰੀ ਨੈਤਿਕ ਆਗਿਆ ਤੋਂ ਬਾਅਦ ਪੁਰਾਣੇ ਅਣਵਰਤੇ ਟਾਟਾ 1212 ਟਰੱਕ 'ਚ ਜਿਉਂਦੇ ਜਾਨਵਰ ਰੱਖੇ ਗਏ ਸਨ ਤੇ ਉਨ੍ਹਾਂ ਵੱਲੋਂ ਟਰੱਕ ਹੇਠਾਂ 10 ਕਿਲੋਗ੍ਰਾਮ ਉੱਚ ਵਿਸਫੋਟਕ ਧਮਾਕਾ ਕੀਤਾ ਗਿਆ। ਉਨ੍ਹਾਂ ਦੀ ਖੋਜ, ਜਿਸ ਨੂੰ ਉਨ੍ਹਾਂ ਨੇ ਸ਼ਿਵਾ ਕਵਚ ਦਾ ਨਾਂ ਦਿੱਤਾ ਹੈ। ਇਹ ਦੇਖਿਆ ਗਿਆ ਕਿ ਜਿਹੜੇ ਜਾਨਵਰ ਟਰੱਕ 'ਚ ਰੱਖੇ ਗਏ ਸਨ, ਧਮਾਕੇ ਤੋਂ ਬਾਅਦ ਵੀ ਉਹ ਜ਼ਿੰਦਾ ਬਾਹਰ ਨਿਕਲੇ। 2

7 ਦਿਨਾਂ ਤਕ ਉਨ੍ਹਾਂ ਦਾ ਧਿਆਨ ਰੱਖਿਆ ਗਿਆ ਕਿ ਉਨ੍ਹਾਂ 'ਤੇ ਧਮਾਕੇ ਦਾ ਕੀ ਅਸਰ ਹੋਇਆ। ਉਨ੍ਹਾਂ ਦੇ ਐੱਮਆਰਆਈ, ਐਕਸ-ਰੇ ਸਮੇਤ ਸਾਰੇ ਮੈਡੀਕਲ ਟੈਸਟ ਕੀਤੇ ਗਏ ਤੇ ਬੋਲਡ ਟੈਸਟ ਸਮੇਤ ਉਨ੍ਹਾਂ ਦੇ ਆਪਸੀ ਵਿਹਾਰ ਦਾ ਵੀ ਅਧਿਐਨ ਕੀਤਾ ਗਿਆ। ਇਹ ਧਿਆਨ ਦੇਣ ਵਾਲੀ ਗੱਲ ਹੈ ਕਿ 27 ਦਿਨਾਂ ਦੀ ਮਿਆਦ ਤੋਂ ਬਾਅਦ ਮਾਦਾ ਖ਼ਰਗੋਸ਼ ਜਿਸ 'ਤੇ ਅਧਿਐਨ ਕੀਤਾ ਗਿਆ ਸੀ, ਗਰਭਵਤੀ ਹੋਈ ਤੇ ਸਿਹਤਮੰਦ ਖ਼ਰਗੋਸ਼ਾਂ ਨੂੰ ਜਨਮ ਦਿੱਤਾ। ਦਰਅਸਲ ਇਸ ਟੈਸਟ ਤੋਂ ਬਾਅਦ ਉਤਪਾਦ ਨੂੰ ਸ਼ਿਵਾ ਕਵਚ ਦਾ ਨਾਂ ਦਿੱਤਾ ਗਿਆ ਸੀ ਕਿਉਂਕਿ ਇਸ ਨੇ ਬੰਬ ਦਾ ਸਾਰਾ ਅਸਰ ਆਪਣੇ 'ਤੇ ਲੈ ਲਿਆ ਸੀ ਅਤੇ ਜਾਨਵਰ ਨੂੰ ਕੁਝ ਨਹੀਂ ਹੋਣ ਦਿੱਤਾ।

ਸ਼ਿਵਾ ਕਵਚ ਦੀਆਂ ਮਿਲਟਰੀ ਐਪਲੀਕੇਸ਼ਨਾਂ ਨੂੰ ਵੈੱਬਸਾਈਟ www.blastforcemitigation.com 'ਤੇ ਦੇਖਿਆ ਜਾ ਸਕਦਾ ਹੈ। ਸ਼ਿਵਾ ਕਵਚ ਦੀਆਂ ਬਹੁਤ ਸਾਰੀਆਂ ਸਿਵਲ ਐਪਲੀਕੇਸ਼ਨਾਂ ਹਨ। ਉਨ੍ਹਾਂ ਵਿੱਚੋਂ ਇਕ ਵਾਹਨ ਦੁਰਘਟਨਾਵਾਂ ਦੌਰਾਨ ਜ਼ਖ਼ਮੀਆਂ ਤੇ ਮੌਤਾਂ ਨੂੰ ਖ਼ਤਮ ਕਰ ਰਹੀ ਹੈ। ਉਦਾਹਰਨ ਦੇ ਤੌਰ 'ਤੇ ਜਦੋਂ 120 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਚੱਲ ਰਹੀ 1600 ਕਿਲੋਗ੍ਰਾਮ ਭਾਰ ਵਾਲੀ ਗੱਡੀ ਕੰਕਰੀਟ ਦੀ ਕੰਧ ਨਾਲ ਟਕਰਾ ਜਾਂਦੀ ਹੈ। ਕਰੈਸ਼ ਦੀ ਊਰਜਾ 0.87 ਮੈਗਾਜੂਲਜ਼ ਹੈ। 1 ਮੈਗਾ ਜੂਲ ਉਹ ਊਰਜਾ ਹੈ ਜਦੋਂ 100000 ਕਿਲੋਗ੍ਰਾਮ ਭਾਰ 1 ਮੀਟਰ ਤੋਂ ਘਟ ਜਾਂਦਾ ਹੈ। ਇਕ ਸਟੀਲ ਘਣ 8 ⊘ 8 ⊘ 8 ਫੁੱਟ 1 ਮੀਟਰ ਤੋਂ ਹੇਠਾਂ ਡਿੱਗਦਾ ਹੈ, ਜੋ 1 ਮੈਗਾਜੂਲ ਊਰਜਾ ਛੱਡਦਾ ਹੈ। ਤਸਵੀਰ 'ਚ ਤੁਸੀਂ ਦੇਖ ਸਕਦੇ ਹੋ ਕਿ ਕਿਵੇਂ 0.87 ਮੈਗਾਜੂਲ ਗੱਡੀ ਨੂੰ ਪੂਰੀ ਤਰ੍ਹਾਂ ਕੁਚਲ ਦਿੰਦਾ ਹੈ ਤੇ ਸਪੱਸ਼ਟ ਤੌਰ 'ਤੇ ਇਸ ਵਿੱਚੋਂ ਕਿਸੇ ਦੇ ਜ਼ਿੰਦਾ ਨਿਕਲਣ ਦੀ ਸੰਭਾਵਨਾ ਬਹੁਤ ਘੱਟ ਹੈ। ਜਦੋਂ ਵਾਹਨ ਕਰੈਸ਼ ਹੁੰਦਾ ਹੈ ਤਾਂ ਕਰੈਸ਼ ਦੀ ਜ਼ਿਆਦਾਤਰ ਊਰਜਾ ਵਾਹਨ ਦੀ ਚੈਸੀ ਦੀ ਸਟੀਲ ਵਿੱਚੋਂ ਲੰਘਦੀ ਹੈ ਤੇ ਚੈਸੀ 'ਚ ਇਹ 1200 ਮੀਟਰ ਪ੍ਰਤੀ ਸਕਿੰਟ ਦੀ ਰਫ਼ਤਾਰ ਨਾਲ ਘੁੰਮਦੀ ਹੈ। ਇਹ ਤੇਜ਼ ਰਫ਼ਤਾਰ ਊਰਜਾ ਸੀਟ ਬੈਲਟ ਨੂੰ ਕੱਸਣਾ ਸ਼ੁਰੂ ਹੋਣ ਜਾਂ ਏਅਰ ਬੈਗ ਖੁੱਲ੍ਹਣ ਜਾਂ ਕਰੰਪਲ ਜ਼ੋਨ ਦੇ ਟੁੱਟਣ ਤੋਂ ਬਹੁਤ ਪਹਿਲਾਂ ਵਾਹਨ 'ਚ ਸਵਾਰ ਲੋਕਾਂ ਤਕ ਪਹੁੰਚ ਜਾਂਦੀ ਹੈ।

ਸੰਖੇਪ ਰੂਪ 'ਚ ਮੌਜੂਦਾ ਸੁਰੱਖਿਆ ਵਿਸ਼ੇਸ਼ਤਾਵਾਂ ਦਾ ਪ੍ਰਤੀਕਰਮ ਸਮਾਂ ਕਰੈਸ਼ ਦੀ ਊਰਜਾ ਦੇ ਉੱਚ ਰਫ਼ਤਾਰ ਵਾਲੇ ਹਿੱਸੇ ਨੂੰ ਸੰਭਾਲਣ ਲਈ ਬਹੁਤ ਹੌਲੀ ਹੈ ਤੇ ਉਹ ਨੁਕਸਾਨਦੇਹ ਊਰਜਾ ਵਾਹਨ ਦੇ ਸਵਾਰ ਤਕ ਪਹੁੰਚ ਜਾਂਦੀ ਹੈ। ਇਸ ਦਾ ਇਹ ਵੀ ਮਤਲਬ ਨਹੀਂ ਕਿ ਸੀਟ ਬੈਲਟ, ਏਅਰ ਬੈਗ, ਕਰੰਪਲ ਜ਼ੋਨ ਕੰਮ ਨਹੀਂ ਕਰਦੇ, ਇਹ ਯਕੀਨੀ ਤੌਰ 'ਤੇ ਕੰਮ ਕਰਦੇ ਹਨ ਤੇ ਕੁਝ ਹਾਦਸਿਆਂ ਨੂੰ ਰੋਕਦੇ ਹਨ ਪਰ ਗੰਭੀਰ ਕਰੈਸ਼ਾਂ ਨੂੰ ਸੰਭਾਲਣ ਲਈ ਉਹ ਜ਼ਿਆਦਾ ਸਮਾਂ ਲੈਂਦੇ ਹਨ। ਹੁਣ ਕੈਰੇਜ ਏਰੀਏ 'ਚ ਜੀਵਤ ਜਾਨਵਰਾਂ ਨਾਲ ਪੁਰਾਣੇ ਵਰਤੇ ਗਏ ਟਾਟਾ 1212 ਟਰੱਕ ਦੇ ਹੇਠਾਂ ਵਿਸਫੋਟ ਕੀਤੇ ਗਏ 10 ਕਿਲੋਗ੍ਰਾਮ ਉੱਚ ਵਿਸਫੋਟਕ ਦੇ ਟੈਸਟ ਵਾਲੀ ਦਿੱਤੀ ਤਸਵੀਰ ਵੇਖੋ। ਵਿਸਫੋਟ ਦੁਆਰਾ ਜਾਰੀ ਕੀਤੀ ਊਰਜਾ 42 ਮੈਗਾਜੂਲ ਹੈ ਤੇ ਬਹੁਤ ਘੱਟ ਸਮੇਂ ਕਾਰਨ ਇਹ ਘਟਨਾ ਉੱਪਰ ਦਿਖਾਏ ਗਏ ਵਾਹਨ ਦੁਰਘਟਨਾ ਨਾਲੋਂ 1000 ਗੁਣਾ ਜ਼ਿਆਦਾ ਗੰਭੀਰ ਹੈ। ਫਿਰ ਵੀ ਧਮਾਕੇ ਤੋਂ ਬਾਅਦ ਜਾਨਵਰ ਸੁਰੱਖਿਅਤ ਬਾਹਰ ਆ ਗਏ ਤੇ 27 ਦਿਨਾਂ ਦੇ ਅਧਿਐਨ ਦੀ ਮਿਆਦ ਤਕ ਤੰਦਰੁਸਤ ਰਹੇ।

ਸ਼ਿਵਾ ਕਵਚ ਦਾ ਕੁਦਰਤ 'ਤੇ ਪ੍ਰਭਾਵ ਅਜਿਹਾ ਹੈ ਕਿ ਇਹ ਧਮਾਕੇ ਜਾਂ ਕਰੈਸ਼ ਦੇ ਤੇਜ਼ ਰਫ਼ਤਾਰ ਊਰਜਾ ਦੇ ਹਿੱਸੇ ਨੂੰ ਯਾਤਰੀਆਂ ਦੇ ਸਰੀਰ 'ਚ ਦਾਖ਼ਲ ਨਹੀਂ ਹੋਣ ਦਿੰਦਾ। ਸ਼ਿਵਾ ਕਵਚ ਸਫਲਤਾਪੂਰਵਕ ਊਰਜਾ ਦੀ ਗਤੀ ਨੂੰ ਹੌਲੀ ਕਰ ਦਿੰਦਾ ਹੈ ਤੇ ਊਰਜਾ ਨੂੰ ਵਾਹਨ ਦੇ ਸਵਾਰਾਂ ਤੋਂ ਦੂਰ ਕਰਦਾ ਹੈ। ਇਨ੍ਹਾਂ ਦੋ ਕਾਰਨਾਂ ਕਰਕੇ ਸ਼ਿਵ ਕਵਚ ਸਫਲ ਹੁੰਦਾ ਹੈ।

ਸ਼ਿਵਾ ਕਵਚ ਬੰਬ ਧਮਾਕਿਆਂ ਵਰਗੀਆਂ ਬਹੁਤ ਜ਼ਿਆਦਾ ਊਰਜਾ ਵਾਲੀਆਂ ਘਟਨਾਵਾਂ 'ਚ ਵੀ ਕੰਮ ਕਰਦਾ ਹੈ। ਇਹ ਵਾਹਨ ਦੇ ਕਰੈਸ਼ਾਂ ਦੌਰਾਨ ਵੀ ਕੰਮ ਕਰ ਸਕਦਾ ਹੈ। ਅਜੇ ਇਸ ਖੋਜ ਨੂੰ ਆਈਸੀਏਟੀ ਅਤੇ ਏਆਰਏਆਈ ਵਰਗੀਆਂ ਮਾਨਤਾ ਪ੍ਰਾਪਤ ਸੰਸਥਾਵਾਂ 'ਚ ਕਈ ਵਾਹਨ ਕਰੈਸ਼ ਟੈਸਟ ਕਰਵਾਉਣ ਦੀ ਲੋੜ ਹੈ। ਇਹ ਮਹਿੰਗਾ ਰਸਤਾ ਹੈ ਪਰ ਜੇ ਸਾਨੂੰ ਯਾਤਰੀਆਂ ਦੀ ਜਾਨ ਬਚਾਉਣ ਦੀ ਲੋੜ ਹੈ ਤਾਂ ਇਸ ਨੂੰ ਅਪਣਾਇਆ ਜਾਣਾ ਚਾਹੀਦਾ ਹੈ। ਇਸ ਕੰਮ ਲਈ ਲਗਭਗ 5 ਕਰੋੜ ਰੁਪਏ ਖ਼ਰਚ ਕਰਨ ਦੀ ਲੋੜ ਹੈ। ਸਾਨੂੰ ਵਿਦੇਸ਼ਾਂ ਤੋਂ ਉਤਸ਼ਾਹਜਨਕ ਪ੍ਰਤੀਕਿਰਿਆ ਮਿਲ ਰਹੀ ਹੈ ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਭਾਰਤੀ ਫੰਡਿੰਗ ਏਜੰਸੀਆਂ ਤੇ ਵਿਅਕਤੀ ਅੱਗੇ ਨਹੀਂ ਆ ਰਹੇ। ਸਾਨੂੰ ਸਾਰਿਆਂ ਦਾ ਸਾਥ ਮਿਲ ਰਿਹਾ ਹੈ। ਇਹ ਚੰਗਾ ਕੰਮ ਕਰਨ ਲਈ ਸਾਨੂੰ ਸਰੋਤ ਮਿਲਣ ਦਾ ਭਰੋਸਾ ਹੈ।

# ਸ਼੍ਰੋਮਣੀ ਅਕਾਲੀ ਦਲ ਲਈ ਅਣਕਿਆਸੀ ਸੰਕਟ ਦੀ ਘੜੀ

ਮੁਸੀਬਤਾਂ ਇਕੱਲੀਆਂ ਨਹੀਂ ਬਲਕਿ ਕਾਫ਼ਲੇ ਦੇ ਰੂਪ ਵਿਚ ਆਉਂਦੀਆਂ ਹਨ। ਸਰਦਾਰ ਸੁਖਬੀਰ ਸਿੰਘ ਬਾਦਲ ਦੇ ਮਾਮਲੇ ਵਿਚ ਉਪਰੋਕਤ ਕਥਨ ਸੋਲਾਂ ਆਨੇ ਸੱਚ ਲੱਗਦਾ ਹੈ। ਵਿਰੋਧੀਆਂ ਦੀ ਜ਼ਬਰਦਸਤ ਘੇਰਾਬੰਦੀ ਵਿਚ ਘਿਰੇ ਸੁਖਬੀਰ ਨੂੰ ਆਖ਼ਰ ਸ਼੍ਰੋਮਣੀ ਅਕਾਲੀ ਦਲ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇਣ ਦਾ ਐਲਾਨ ਕਰਨਾ ਪਿਆ। ਚੰਗਾ ਹੁੰਦਾ ਜੇ ਇਹ ਐਲਾਨ 30 ਅਗਸਤ 2024 ਨੂੰ ਹੀ ਕਰ ਦਿੱਤਾ ਜਾਂਦਾ ਜਦੋਂ ਉਨ੍ਹਾਂ ਨੂੰ ਪੰਜ ਸਿੰਘ ਸਾਹਿਬਾਨ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਤਨਖ਼ਾਹੀਆ ਕਰਾਰ ਦਿੱਤਾ ਸੀ।

ਮਜਬੂਰੀ ਵਿਚ ਦਿੱਤੇ ਗਏ ਅਸਤੀਫ਼ੇ ਨੂੰ ਉਨ੍ਹਾਂ ਦੇ ਕਈ ਸ਼ੁਭ ਚਿੰਤਕ 'ਦੇਰ ਆਇਦ-ਦਰੁਸਤ-ਆਇਦ' ਕਹਿ ਰਹੇ ਹਨ। ਅਕਾਲੀ ਦਲ ਦੀ ਵਰਕਿੰਗ ਕਮੇਟੀ 'ਚ ਜਦੋਂ ਅਸਤੀਫ਼ਾ ਰੱਖਿਆ ਜਾਵੇਗਾ ਤਾਂ ਸੁਖਬੀਰ ਸਿੰਘ ਬਾਦਲ ਦੇ ਕੁਝ ਕੱਟੜ ਹਮਾਇਤੀਆਂ ਵੱਲੋਂ ਇਸ ਦਾ ਵਿਰੋਧ ਕੀਤੇ ਜਾਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਹੁਕਮਨਾਮੇ ਅਨੁਸਾਰ ਉਨ੍ਹਾਂ ਨੂੰ ਸਾਲ 2007 ਤੋਂ 2017 ਤੱਕ ਸੱਤਾ ਵਿਚ ਰਹੇ ਅਕਾਲੀ-ਭਾਜਪਾ ਗੱਠਜੋੜ ਵੇਲੇ ਕੀਤੇ ਗਏ ਬੱਜਰ ਗੁਨਾਹਾਂ ਲਈ ਸਜ਼ਾ ਸੁਣਾਈ ਗਈ ਸੀ। ਇਸ ਸਮੇਂ ਦੌਰਾਨ ਸੁਖਬੀਰ ਸੂਬੇ ਦੇ ਡਿਪਟੀ ਚੀਫ ਮਨਿਸਟਰ ਤੇ ਅਕਾਲੀ ਦਲ ਦੇ ਪ੍ਰਧਾਨ ਸਨ। ਉਨ੍ਹਾਂ ਦੇ ਪਿਤਾ ਸਰਦਾਰ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਹੋਣ ਤੋਂ ਇਲਾਵਾ ਅਕਾਲੀ ਦਲ ਦੇ ਸਰਪ੍ਰਸਤ ਸਨ ਜਿਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 'ਫ਼ਖ਼ਰ-ਏ-ਕੌਮ' ਦੇ ਖ਼ਿਤਾਬ ਨਾਲ ਸਨਮਾਨਤ ਕੀਤਾ ਸੀ।



ਸਾਰੇ ਗੁਨਾਹਾਂ ਨੂੰ ਝੋਲੀ ਵਿਚ ਪਾਉਂਦਿਆਂ ਸੁਖਬੀਰ ਸ੍ਰੀ ਅਕਾਲ ਤਖ਼ਤ 'ਤੇ ਪੇਸ਼ ਹੋਏ ਸਨ। ਢਾਈ ਮਹੀਨਿਆਂ ਤੱਕ ਜਦੋਂ ਉਨ੍ਹਾਂ ਨੂੰ ਦੋਸ਼-ਮੁਕਤ ਕਰਨ ਲਈ ਤਨਖ਼ਾਹ ਨਿਯਤ ਨਾ ਕੀਤੀ ਗਈ ਤਾਂ ਉਹ ਇਕ ਵਾਰ ਫਿਰ ਸ੍ਰੀ ਅਕਾਲ ਤਖ਼ਤ ਦੇ ਸਨਮੁੱਖ ਹੋ ਕੇ ਬੇਨਤੀ ਪੱਤਰ ਦੇਣ ਲਈ ਪੁੱਜੇ ਸਨ। ਸੁਖਬੀਰ ਦੇ ਦਿਲ 'ਤੇ ਇਸ ਵੇਲੇ ਕੀ ਬੀਤ ਰਹੀ ਹੋਵੇਗੀ, ਇਹ ਤਾਂ ਬਸ ਉਹੀ ਜਾਣਦੇ ਹਨ ਜਾਂ ਉਨ੍ਹਾਂ ਦਾ ਵਾਹਿਗੁਰੂ। ਧਰਮ ਤੇ ਸਿਆਸਤ ਦੇ ਸੁਮੇਲ ਨੂੰ ਪਰਣਾਈ 104 ਸਾਲ ਪੁਰਾਣੀ ਪਾਰਟੀ ਦੇ ਕਿਸੇ ਪ੍ਰਧਾਨ ਨੂੰ ਅਜਿਹੇ ਨਮੋਸ਼ੀ ਭਰੇ ਦਿਨ ਕਦੇ ਨਹੀਂ ਸਨ ਦੇਖਣੇ ਪਏ। ਲੰਬੇ ਸਮੇਂ ਤੱਕ ਪੰਥ ਅੱਖਾਂ ਮੀਟ ਕੇ ਅਕਾਲੀ ਦਲ ਦੇ ਚੋਣ ਨਿਸ਼ਾਨ ਨੂੰ ਬਾਬੇ ਨਾਨਕ ਦੀ ਤੱਕੜੀ ਸਮਝ ਕੇ ਉਸ 'ਤੇ ਠੱਪੇ ਲਾਉਂਦਾ ਆਇਆ ਸੀ।

ਅਕਾਲੀ ਦਲ ਨੇ ਦੇਸ਼ ਅਤੇ ਕੌਮ ਖ਼ਾਤਰ ਲਾਸਾਨੀ ਕੁਰਬਾਨੀਆਂ ਕਰ ਕੇ ਸੁਨਹਿਰੀ ਇਤਿਹਾਸ ਰਚਿਆ ਸੀ। ਆਜ਼ਾਦ ਭਾਰਤ ਵਿਚ ਵੀ ਇੰਦਰਾ ਗਾਂਧੀ ਵੱਲੋਂ ਐਮਰਜੈਂਸੀ ਦਾ ਐਲਾਨ ਕੀਤੇ ਜਾਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੇਸ਼ ਦੀ ਇਕਮਾਤਰ ਸਿਆਸੀ ਜਮਾਤ ਸੀ ਜਿਸ ਦੇ ਕਾਰਕੁੰਨਾਂ ਨੇ ਜੇਲ੍ਹਾਂ ਭਰ ਦਿੱਤੀਆਂ ਸਨ। ਅਕਾਲ ਤਖ਼ਤ ਤੋਂ ਲਗਾਏ ਜਾਂਦੇ ਮੋਰਚਿਆਂ ਦਾ ਐਲਾਨ ਸਮੇਂ ਦੇ ਹਾਕਮਾਂ ਨੂੰ ਕੰਬਣੀ ਛੇੜ ਦਿੰਦਾ ਸੀ।

ਅਕਾਲ ਤਖ਼ਤ ਤੋਂ ਪਹਿਲਾਂ ਵੀ ਅਕਾਲੀ ਦਲ/ਸ਼੍ਰੋਮਣੀ ਅਕਾਲੀ ਦਲ ਦੇ ਕਈ ਪ੍ਰਧਾਨਾਂ ਤੇ ਸਾਬਕਾ ਪ੍ਰਧਾਨਾਂ ਨੂੰ ਸਜ਼ਾ ਲਗਾਈ ਗਈ ਸੀ ਜਿਨ੍ਹਾਂ ਵਿਚ ਮਾਸਟਰ ਤਾਰਾ ਸਿੰਘ ਤੇ ਵਰਕਿੰਗ ਕਮੇਟੀ ਮੈਂਬਰ (29 ਨਵੰਬਰ 1961), ਜਥੇਦਾਰ ਜਗਦੇਵ ਸਿੰਘ ਤਲਵੰਡੀ ਤੇ ਜੀਵਨ ਸਿੰਘ ਉਮਰਾਨੰਗਲ (16 ਨਵੰਬਰ 1979), ਸੁਰਜੀਤ ਸਿੰਘ ਬਰਨਾਲਾ (9 ਫਰਵਰੀ 1987) ਤੇ ਬੀਬੀ ਜਗੀਰ ਕੌਰ (25 ਜਨਵਰੀ 2000) ਸ਼ਾਮਲ ਸਨ। ਇੱਥੋਂ ਤੱਕ ਕਿ ਤਤਕਾਲੀ ਜਥੇਦਾਰ ਅਕਾਲ ਤਖ਼ਤ ਗਿਆਨੀ ਪੂਰਨ ਸਿੰਘ ਨੇ ਦੋ ਤਖ਼ਤਾਂ ਦੇ ਜਥੇਦਾਰਾਂ ਤੇ ਕੁਝ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਵਿਵਾਦਤ ਹੁਕਮਨਾਮੇ ਰਾਹੀਂ ਪੰਥ 'ਚੋਂ ਛੇਕ ਦਿੱਤਾ ਸੀ (12 ਮਾਰਚ 2000)। ਮਿਤੀ 29 ਮਾਰਚ 2000 ਵਾਲੇ ਦਿਨ ਨਵੇਂ ਥਾਪੇ ਗਏ ਜਥੇਦਾਰ ਅਕਾਲ ਤਖ਼ਤ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ, ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਮੋਹਣ ਸਿੰਘ ਅਤੇ ਤਿੰਨ ਹੋਰ ਸਿੰਘ ਸਾਹਿਬਾਨ ਦੇ ਦਸਤਖ਼ਤਾਂ ਹੇਠ ਜਾਰੀ ਕੀਤੇ ਗਏ ਹੁਕਮਨਾਮੇ ਰਾਹੀਂ ਮਿਤੀ 25 ਜਨਵਰੀ 2000 ਤੋਂ ਲੈ ਕੇ 28 ਮਾਰਚ 2000 ਤੱਕ ਜਾਰੀ ਕੀਤੇ ਗਏ ਹੁਕਮਨਾਮਿਆਂ ਨੂੰ ਤਤਕਾਲੀ ਜਥੇਦਾਰ ਗਿਆਨੀ ਪੂਰਨ ਸਿੰਘ ਦੀ 'ਸੌੜੀ ਸੋਚ' ਅਤੇ ਨਿੱਜੀ ਹਿੱਤਾਂ ਤੋਂ ਪ੍ਰੇਰਿਤ ਦੱਸਿਆ ਸੀ।

ਨਾਨਕਸ਼ਾਹੀ ਕੈਲੰਡਰ ਜਾਰੀ ਹੋਣ ਤੋਂ ਬਾਅਦ ਪੈਦਾ ਹੋਏ ਪੰਥਿਕ ਸੰਕਟ ਜਾਂ ਹੋਰ ਵਿਵਾਦਾਂ 'ਚੋਂ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਜੇਤੂ ਹੋ ਕੇ ਬਾਹਰ ਨਿਕਲੇ ਸਨ। ਸਾਕਾ ਨੀਲਾ ਤਾਰਾ ਤੋਂ ਬਾਅਦ ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ ਹੇਠ ਅਕਾਲੀ ਸਰਕਾਰ ਬਣੀ। ਸੰਨ 1997 ਤੋਂ 2002 ਤੱਕ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਬਣੀ। ਉਪਰੰਤ 2007 ਤੋਂ 2017 ਤੱਕ ਫਿਰ ਅਕਾਲੀ-ਭਾਜਪਾ ਗੱਠਜੋੜ ਦੀ ਸਰਕਾਰ ਬਣੀ। ਅੱਜ ਅਕਾਲੀ ਦਲ ਦਾ ਲੋਕ ਸਭਾ ਵਿਚ 'ਸਵਾ ਲੱਖ' ਮੈਂਬਰ ਹੈ ਕਿਉਂਕਿ ਬਾਕੀ ਹਲਕਿਆਂ ਵਿਚ ਇਸ ਦੇ ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ ਸਨ। ਰਾਜ ਸਭਾ ਦੀਆਂ ਸਭ ਸੀਟਾਂ ਮੱਲੀਆਂ ਗਈਆਂ ਤੇ ਸ਼੍ਰੋਮਣੀ ਅਕਾਲੀ ਦਲ ਦੇ ਹਿੱਸੇ ਇਕ ਵੀ ਸੀਟ ਨਾ ਆਈ।

ਵਿਧਾਨ ਸਭਾ ਵਿਚ ਇਸ ਨੂੰ 'ਸਕੂਟਰ ਵਾਲੀ ਪਾਰਟੀ' ਕਹਿ ਕੇ ਤਨਜ਼ ਕੀਤਾ ਜਾਂਦਾ ਹੈ। ਅਕਾਲੀ ਦਲ ਦੀ ਅਜਿਹੀ ਦਸ਼ਾ ਕਿਉਂ ਹੋਈ, ਇਸ ਦੀ ਪੜਚੋਲ ਕਰਨ ਲਈ ਅੰਤਰਝਾਤ ਤੇ ਪਿਛਲਝਾਤ ਦੀ ਲੋੜ ਹੈ। ਸੰਨ 2007 ਤੋਂ 2017 ਦੇ ਰਾਜ ਕਾਲ ਦੌਰਾਨ 'ਪੰਥ ਤੇ ਗ੍ਰੰਥ' ਦੀ ਪਰਿਕਰਮਾ ਕਰਨ ਵਾਲੀ ਪਾਰਟੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮਾਮਲੇ (2015) ਵਿਚ ਘਿਰੀ ਤਾਂ ਇਸ ਨੂੰ ਵੱਡਾ ਪੰਥਿਕ ਖੋਰਾ ਲੱਗਣਾ ਸ਼ੁਰੂ ਹੋ ਗਿਆ ਸੀ। ਸੁਮੇਧ ਸਿੰਘ ਸੈਣੀ ਤੇ 'ਆਲਮ ਸੈਨਾ' ਦੇ ਮੁਖੀਆ ਪ੍ਰਤੀ ਦਰਿਆਦਿਲੀ ਨੇ ਅਕਾਲੀ ਦਲ ਦੇ ਅਕਸ ਨੂੰ ਵੱਡੀ ਢਾਹ ਲਾਈ। ਡੇਰਾ ਸਿਰਸਾ ਦੇ ਮੁਖੀ ਨੂੰ ਅਕਾਲ ਤਖ਼ਤ ਤੋਂ ਮਾਫ਼ੀ ਦਿਵਾਉਣ ਦੇ ਚੱਕਰ ਵਿਚ ਅਕਾਲੀ ਦਲ ਖ਼ੁਦ ਅਣਕਿਆਸੇ ਚੱਕਰਵਿਊ ਵਿਚ ਘਿਰ ਗਿਆ ਸੀ।

ਸਰਕਾਰ ਤੇ ਸ਼੍ਰੋਮਣੀ ਕਮੇਟੀ ਵਿਚ ਸੱਤਾਧਾਰੀ ਹੋਣ ਕਾਰਨ ਬਾਦਲਾਂ ਦੀ ਤੂਤੀ ਬੋਲਦੀ ਸੀ। ਉਨ੍ਹਾਂ 'ਤੇ ਅਕਾਲ ਤਖ਼ਤ ਸਾਹਿਬ ਦੇ ਫ਼ੈਸਲਿਆਂ ਨੂੰ ਪ੍ਰਭਾਵਿਤ ਕਰਨ ਦੇ ਦੋਸ਼ ਲੱਗੇ ਸਨ। ਡੇਰਾ ਮੁਖੀ ਰਾਮ ਰਹੀਮ ਨੂੰ ਮਾਫ਼ੀ ਦਿਵਾਉਣ ਲਈ ਸਿੰਘ ਸਾਹਿਬਾਨ ਨੂੰ ਮੁੱਖ ਮੰਤਰੀ ਨਿਵਾਸ 'ਤਲਬ' ਕਰਨ ਦਾ ਵੀ ਸੰਗੀਨ ਇਲਜ਼ਾਮ ਲੱਗਾ ਸੀ। ਕਹਿੰਦੇ ਹਨ ਕਿ ਸੰਕਟ ਵੇਲੇ ਸਾਇਆ ਵੀ ਸਾਥ ਛੱਡ ਦਿੰਦਾ ਹੈ। ਸੱਤਾ ਵਿਚ ਰਹਿੰਦਿਆਂ 'ਮਲਾਈ ਛਕਣ' ਵਾਲਿਆਂ ਨੇ ਬਾਦਲ ਪਰਿਵਾਰ ਨੂੰ ਘੇਰਨਾ ਸ਼ੁਰੂ ਕਰ ਦਿੱਤਾ। ਸਰਬੰਸ ਦਾਨੀ ਦੀ ਵਿਚਾਰਧਾਰਾ ਦੇ ਵਾਰਿਸ ਅਖਵਾਉਣ ਵਾਲੇ ਅਕਾਲੀਆਂ 'ਤੇ ਪਰਿਵਾਰਵਾਦ ਦੇ ਇਲਜ਼ਾਮ ਵੀ ਲੱਗੇ। ਬਾਗ਼ੀ ਅਕਾਲੀਆਂ ਨੇ 'ਸੁਧਾਰ ਲਹਿਰ' ਚਲਾਈ।

ਪਰਿਵਾਰਵਾਦ ਦਾ ਦੋਸ਼ ਮੜ੍ਹਨ ਵਾਲੇ ਸੁਧਾਰਵਾਦੀ ਆਪਣੀ ਪੀੜ੍ਹੀ ਹੇਠ ਸੋਟਾ ਫੇਰਨਾ ਭੁੱਲ ਗਏ। ਇਸ ਵੇਲੇ ਸ਼ਾਇਦ ਹੀ ਅਜਿਹਾ 'ਟਕਸਾਲੀ' ਅਕਾਲੀ ਹੋਵੇ ਜਿਸ ਨੇ ਆਪਣੀ ਅਗਲੀ ਪੀੜ੍ਹੀ ਨੂੰ ਪਾਰਟੀ ਸਫ਼ਾਂ ਵਿਚ ਨਹੀਂ ਬਿਠਾਇਆ। ਖ਼ੈਰ, ਪੱਕੀ ਫ਼ਸਲ ਚੁਗ ਕੇ ਉੱਡ-ਪੁੱਡ ਜਾਣ ਵਾਲਿਆਂ ਨੇ ਸ੍ਰੀ ਅਕਾਲ ਤਖ਼ਤ ਅੱਗੇ ਦਰਖ਼ਾਸਤ ਕੀਤੀ। ਅਰਦਾਸ ਜੋਦੜੀ ਕਰ ਕੇ ਕਿਹਾ ਕਿ ਉਹ ਭੁੱਲਣਹਾਰ ਹਨ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਬਖ਼ਸ਼ਣਹਾਰ ਹੈ।

ਸੱਤਾ ਭੋਗਦਿਆਂ ਉਨ੍ਹਾਂ ਨੇ ਕਈ ਬੱਜਰ ਗੁਨਾਹਾਂ ਵਿਚ ਸ਼ਾਮਲ ਹੋਣ ਦਾ ਕਬੂਲਨਾਮਾ ਦੇ ਕੇ ਸੁਖਬੀਰ ਸਿੰਘ ਬਾਦਲ ਦੀ ਚੰਗੀ ਤਰ੍ਹਾਂ ਘੇਰਾਬੰਦੀ ਕਰ ਲਈ ਸੀ। 'ਸੁਧਾਰ ਲਹਿਰ' ਦੇ ਉਮੀਦਵਾਰ ਬੀਬੀ ਜਗੀਰ ਕੌਰ ਭਾਵੇਂ ਸ਼੍ਰੋਮਣੀ ਕਮੇਟੀ ਦੀ ਚੋਣ ਮਹਿਜ਼ 33 ਵੋਟਾਂ ਲੈ ਕੇ ਬੁਰੀ ਤਰ੍ਹਾਂ ਹਾਰ ਗਏ, ਫਿਰ ਵੀ ਸੁਖਬੀਰ ਸਿੰਘ ਬਾਦਲ ਦੀਆਂ ਮੁਸ਼ਕਲਾਂ ਘਟਣ ਦਾ ਨਾਂ ਨਹੀਂ ਲੈ ਰਹੀਆਂ। ਸੰਨ 1992 ਵਿਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਵਿਧਾਨ ਸਭਾ ਚੋਣਾਂ ਦੇ ਬਾਈਕਾਟ ਤੋਂ 32 ਸਾਲ ਬਾਅਦ ਪਹਿਲੀ ਵਾਰ ਅਕਾਲੀ ਦਲ ਗਿੱਦੜਬਾਹਾ ਸਣੇ ਚਾਰ ਜ਼ਿਮਨੀ ਚੋਣਾਂ ਨਹੀਂ ਲੜ ਰਿਹਾ।

ਅਕਾਲ ਤਖ਼ਤ ਵੱਲੋਂ ਸੁਖਬੀਰ ਨੂੰ ਤਨਖ਼ਾਹੀਆ ਘੋਸ਼ਿਤ ਕੀਤੇ ਜਾਣਾ ਇਸ ਦਾ ਬਹਾਨਾ ਬਣਿਆ। ਇਹ ਵੀ ਇਕ ਵਿਡੰਬਣਾ ਹੈ ਕਿ 1995 ਦੀ ਗਿੱਦੜਬਾਹਾ ਜ਼ਿਮਨੀ ਚੋਣ ਜਿੱਤ ਕੇ ਸ਼੍ਰੋਮਣੀ ਅਕਾਲੀ ਦਲ ਦਾ ਗ੍ਰਾਫ ਵਧਣਾ ਸ਼ੁਰੂ ਹੋਇਆ ਸੀ ਤੇ ਮਹਿਜ਼ ਦੋ ਸਾਲਾਂ ਵਿਚ ਇਸ ਨੇ ਸੱਤਾ ਹਾਸਲ ਕਰ ਲਈ ਸੀ। ਸਮੇਂ ਦੇ ਗੇੜ ਨਾਲ ਅਕਾਲੀ ਦਲ ਦੀ ਟਿਕਟ 'ਤੇ ਜ਼ਿਮਨੀ ਚੋਣ ਜਿੱਤਣ ਵਾਲਾ ਸੁਖਬੀਰ ਦਾ ਚਚੇਰਾ ਭਰਾ ਮਨਪ੍ਰੀਤ ਸਿੰਘ ਬਾਦਲ ਹੁਣ ਭਾਜਪਾ ਦੀ ਟਿਕਟ 'ਤੇ ਲੜ ਰਿਹਾ ਹੈ। ਮਨਪ੍ਰੀਤ ਨਾਲ ਖੁੱਲ੍ਹੀ ਜੀਪ 'ਤੇ ਖੜ੍ਹ ਕੇ ਚੋਣ ਪ੍ਰਚਾਰ ਕਰਨ ਵਾਲਾ ਸੁਖਬੀਰ ਕਿਸੇ ਵੀ ਹਲਕੇ ਵਿਚ ਦਿਖਾਈ ਨਹੀਂ ਦੇ ਰਿਹਾ। ਇਹ ਉਹ ਸਮਾਂ ਹੈ ਜਦੋਂ ਹੱਥਾਂ ਨਾਲ ਦਿੱਤੀਆਂ ਪੀਚਵੀਆਂ ਗੰਢਾਂ ਮੂੰਹ ਨਾਲ ਵੀ ਨਹੀਂ ਖੁੱਲ੍ਹ ਰਹੀਆਂ। ਪੰਥ ਦਰਦੀਆਂ ਦਾ ਵਿਚਾਰ ਹੈ ਕਿ ਇਸ ਸੰਕਟ ਦੀ ਘੜੀ ਵਿਚ ਖੱਖੜੀ-ਖੱਖੜੀ ਹੋਏ ਅਕਾਲੀ ਦਲ ਨੂੰ ਇਕੱਠਾ ਕਰਨ ਲਈ ਅਕਾਲ ਤਖ਼ਤ ਹੀ ਅਹਿਮ ਭੂਮਿਕਾ ਨਿਭਾ ਸਕਦਾ ਹੈ।

# ਬੇਲਗਾਮ ਹੋਈ ਸਾਈਬਰ ਠੱਗੀ

ਸਾਈਬਰ ਅਪਰਾਧ ਦੀਆਂ ਵਧਦੀਆਂ ਘਟਨਾਵਾਂ ਚਿੰਤਾ ਦਾ ਸਬੱਬ ਹਨ। ਲਗਪਗ ਹਰ ਦਿਨ ਲੋਕ ਸਾਈਬਰ ਠੱਗੀ ਦੇ ਸ਼ਿਕਾਰ ਹੋ ਕੇ ਆਪਣਾ ਪੈਸਾ ਗੁਆ ਰਹੇ ਹਨ। ਇਕ ਸਮੇਂ ਪਹਿਲਾਂ ਜਿਵੇਂ ਡਕੈਤੀ ਆਮ ਗੱਲ ਸੀ, ਤਿਵੇਂ ਹੀ ਹੁਣ ਸਾਈਬਰ ਠੱਗੀ। ਸਾਈਬਰ ਠੱਗ ਨਿੱਤ-ਨਵੇਂ ਤਰੀਕਿਆਂ ਨਾਲ ਲੋਕਾਂ ਨੂੰ ਠੱਗ ਰਹੇ ਹਨ।

ਪਹਿਲਾਂ ਉਹ ਧੋਖੇ ਨਾਲ ਲੋਕਾਂ ਦੀ ਕਰੈਡਿਟ, ਡੈਬਿਟ ਕਾਰਡ ਸਬੰਧੀ ਜਾਣਕਾਰੀ ਲੈ ਕੇ ਠੱਗੀ ਮਾਰਦੇ ਸਨ, ਫਿਰ ਤਰ੍ਹਾਂ-ਤਰ੍ਹਾਂ ਦਾ ਲਾਲਚ ਦੇ ਕੇ ਠੱਗਣ ਲੱਗੇ। ਹੁਣ ਉਹ ਡਿਜੀਟਲ ਅਰੈਸਟ ਦੀ ਧਮਕੀ ਦੇ ਕੇ ਲੋਕਾਂ ਨੂੰ ਠੱਗ ਰਹੇ ਹਨ। ਡਿਜੀਟਲ ਅਰੈਸਟ ਦੀ ਫਰਜ਼ੀ ਧਮਕੀ ਤੋਂ ਭੈਅਭੀਤ ਹੋ ਕੇ ਲੋਕ ਸਾਈਬਰ ਠੱਗਾਂ ਦੇ ਚੁੰਗਲ ਵਿਚ ਬਹੁਤ ਆਸਾਨੀ ਨਾਲ ਫਸਦੇ ਜਾ ਰਹੇ ਹਨ।

ਇਨ੍ਹਾਂ 'ਚ ਚੰਗੇ-ਖ਼ਾਸੇ ਪੜ੍ਹੇ-ਲਿਖੇ ਲੋਕ ਵੀ ਹਨ। ਹੁਣ ਤਾਂ ਨੌਕਰਸ਼ਾਹ, ਸਨਅਤਕਾਰ ਵੀ ਉਨ੍ਹਾਂ ਦੇ ਚੁੰਗਲ ਵਿਚ ਫਸਣ ਲੱਗੇ ਹਨ। ਕਈ ਲੋਕ ਅਜਿਹੇ ਹਨ ਜੋ ਡਿਜੀਟਲ ਅਰੈਸਟ ਦੀ ਧਮਕੀ ਦੇਣ ਵਾਲੇ ਠੱਗਾਂ ਦੇ ਖਾਤਿਆਂ ਵਿਚ ਕਰੋੜਾਂ ਰੁਪਏ ਟਰਾਂਸਫਰ ਕਰ ਚੁੱਕੇ ਹਨ। ਸਾਈਬਰ ਠੱਗੀ ਦੇ ਮਾਮਲੇ ਇਕੱਲੇ ਭਾਰਤ ਵਿਚ ਹੀ ਨਹੀਂ, ਲਗਪਗ ਹਰ ਦੇਸ਼ ਦੀ ਪੁਲਿਸ ਅਤੇ ਸੁਰੱਖਿਆ ਏਜੰਸੀਆਂ ਲਈ ਚੁਣੌਤੀ ਬਣ ਕੇ ਸਾਹਮਣੇ ਆ ਰਹੇ ਹਨ। ਇਕ ਅੰਕੜੇ ਮੁਤਾਬਕ 2025 ਵਿਚ ਸਾਈਬਰ ਠੱਗੀ ਕਾਰਨ ਹੋਣ ਵਾਲਾ ਆਰਥਿਕ ਨੁਕਸਾਨ 10 ਲੱਖ ਕਰੋੜ ਡਾਲਰ ਤੋਂ ਵੀ ਵੱਧ ਹੋ ਸਕਦਾ ਹੈ। ਇਹ ਅੰਕੜਾ ਸੁਣ ਕੇ ਕਿਸੇ ਦੇ ਵੀ ਪੈਰਾਂ ਥੱਲਿਓਂ ਜ਼ਮੀਨ ਖਿਸਕ ਸਕਦੀ ਹੈ। ਇਹ ਅੰਕੜਾ ਇਹੀ ਦੱਸਦਾ ਹੈ ਕਿ ਸਾਈਬਰ ਠੱਗ ਕਿਸ ਤਰ੍ਹਾਂ ਬੇਲਗਾਮ ਹੁੰਦੇ ਜਾ ਰਹੇ ਹਨ। ਸਾਈਬਰ ਠੱਗੀ ਦੇ ਮਾਮਲਿਆਂ ਵਿਚ ਪੁਲਿਸ ਦੇ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਠੱਗਾਂ ਦੀ ਪਛਾਣ ਕਰਨਾ ਅਤੇ ਉਨ੍ਹਾਂ ਨੂੰ ਫੜਨਾ ਤੇ ਫਿਰ ਉਨ੍ਹਾਂ ਕੋਲੋਂ ਠੱਗੀ ਦੀ ਰਕਮ ਵਸੂਲਣਾ ਹੁੰਦਾ ਹੈ।

ਅਜਿਹਾ ਇਸ ਲਈ ਹੈ ਕਿਉਂਕਿ ਸਾਈਬਰ ਠੱਗ ਅਕਸਰ ਵਿਦੇਸ਼ ਵਿਚ ਰਹਿ ਕੇ ਠੱਗੀ ਮਾਰਦੇ ਹਨ ਅਤੇ ਉਹ ਵੀ ਮੋਬਾਈਲ ਫੋਨ, ਈਮੇਲ ਆਦਿ ਜ਼ਰੀਏ। ਸਾਈਬਰ ਠੱਗੀ ਦੇ ਵਧਦੇ ਮਾਮਲਿਆਂ ਦੇ ਨਾਲ ਇਹ ਵੀ ਦਿਸ ਰਿਹਾ ਹੈ ਕਿ ਲੋਕਾਂ ਤੋਂ ਠੱਗੀ ਜ਼ਰੀਏ ਹਾਸਲ ਕੀਤੀ ਗਈ ਰਕਮ ਵੀ ਵਧਦੀ ਜਾ ਰਹੀ ਹੈ।

ਬੀਤੇ ਦਿਨੀਂ ਦਿੱਲੀ ਦੇ ਇਕ ਸੇਵਾ ਮੁਕਤ ਇੰਜੀਨੀਅਰ ਤੋਂ ਦਸ ਕਰੋੜ ਰੁਪਏ ਡਿਜੀਟਲ ਅਰੈਸਟ ਦਾ ਭੈਅ ਦਿਖਾ ਕੇ ਹੜੱਪ ਲਏ ਗਏ। ਇਸ ਤੋਂ ਪਹਿਲਾਂ ਵਰਧਮਾਨ ਗਰੁੱਪ ਦੇ ਮੁਖੀ ਐੱਸਪੀ ਓਸਵਾਲ ਤੋਂ ਸੱਤ ਕਰੋੜ ਰੁਪਏ ਠੱਗ ਲਏ ਗਏ ਸਨ। ਸਾਈਬਰ ਠੱਗਾਂ ਨੇ ਉਨ੍ਹਾਂ ਨੂੰ ਫਰਜ਼ੀ ਸੀਬੀਆਈ ਅਧਿਕਾਰੀ ਬਣ ਕੇ ਠੱਗਿਆ ਅਤੇ ਉਨ੍ਹਾਂ ਦੇ ਕਥਿਤ ਮਾਮਲੇ ਦੀ ਸੁਪਰੀਮ ਕੋਰਟ ਵਿਚ ਫਰਜ਼ੀ ਸੁਣਵਾਈ ਤੱਕ ਦਾ ਨਾਟਕ ਕੀਤਾ।

ਪੰਜ-ਦਸ ਲੱਖ ਰੁਪਏ ਦੀ ਠੱਗੀ ਦੇ ਮਾਮਲੇ ਤਾਂ ਬਹੁਤ ਆਮ ਹੋ ਗਏ ਹਨ। ਭਾਰਤ ਸਰਕਾਰ ਨੇ ਵਾਰ-ਵਾਰ ਕਿਹਾ ਹੈ ਕਿ ਉਸ ਦੀਆਂ ਕੋਈ ਵੀ ਏਜੰਸੀਆਂ ਡਿਜੀਟਲ ਅਰੈਸਟ ਵਰਗੀ ਕਾਰਵਾਈ ਨਹੀਂ ਕਰਦੀਆਂ। ਖ਼ੁਦ ਪ੍ਰਧਾਨ ਮੰਤਰੀ 'ਮਨ ਕੀ ਬਾਤ' ਪ੍ਰੋਗਰਾਮ ਵਿਚ ਇਹ ਕਹਿ ਚੁੱਕੇ ਹਨ ਕਿ ਡਿਜੀਟਲ ਅਰੈਸਟ ਦੀ ਧਮਕੀ ਦੇਣ ਵਾਲਿਆਂ ਤੋਂ ਸਾਵਧਾਨ ਰਹੋ।

ਇਸ ਤੋਂ ਬਾਅਦ ਖ਼ਬਰ ਆਈ ਕਿ ਵੱਖ-ਵੱਖ ਏਜੰਸੀਆਂ ਸਾਈਬਰ ਠੱਗਾਂ ਵਿਰੁੱਧ ਸਰਗਰਮ ਹੋ ਰਹੀਆਂ ਹਨ ਪਰ ਇਸ ਦਾ ਕੋਈ ਹਾਂ-ਪੱਖੀ ਅਸਰ ਨਹੀਂ ਦਿਸ ਰਿਹਾ ਹੈ। ਸਾਈਬਰ ਠੱਗ ਪਹਿਲਾਂ ਵਾਂਗ ਹੀ ਬੇਲਗਾਮ ਹਨ। ਸਮਝਣਾ ਔਖਾ ਹੈ ਕਿ ਜਦ ਸਾਈਬਰ ਠੱਗੀ ਦੇ ਮਾਮਲੇ ਇੰਨੇ ਵਧ ਰਹੇ ਹਨ, ਉਦੋਂ ਸਰਕਾਰ ਵੱਲੋਂ ਨਾਗਰਿਕਾਂ ਨੂੰ ਜਾਗਰੂਕ ਕਰਨ ਦੇ ਕੰਮ ਵਿਚ ਢਿੱਲ-ਮੱਠ ਕਿਉਂ ਵਰਤੀ ਜਾ ਰਹੀ ਹੈ? ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਹ ਵਾਰ-ਵਾਰ ਦੱਸੇ ਕਿ ਟੈਕਸ ਦੀ ਵਸੂਲੀ ਕਰਨ ਵਾਲੇ ਆਮਦਨ ਕਰ, ਜੀਐੱਸਟੀ ਵਰਗੇ ਵਿਭਾਗਾਂ ਦਾ ਡਿਜੀਟਲ ਅਰੈਸਟ ਨਾਲ ਕੋਈ ਲੈਣਾ-ਦੇਣਾ ਨਹੀਂ। ਇਸੇ ਤਰ੍ਹਾਂ ਇਹ ਵੀ ਪ੍ਰਚਾਰਿਤ ਕੀਤਾ ਜਾਣਾ ਚਾਹੀਦਾ ਹੈ ਕਿ ਸੀਬੀਆਈ, ਈਡੀ, ਕਸਟਮ, ਨਾਰਕੋਟਿਕਸ ਵਰਗੇ ਵਿਭਾਗ ਨਾ ਤਾਂ ਡਿਜੀਟਲ ਅਰੈਸਟ ਵਰਗੀ ਕਾਰਵਾਈ ਕਰਦੇ ਹਨ ਤੇ ਨਾ ਹੀ ਕਿਸੇ ਮਾਮਲੇ ਵਿਚ ਕਿਸੇ ਵਿਅਕਤੀ ਨੂੰ ਆਪਣਾ ਪੈਸਾ ਕਿਸੇ ਹੋਰ ਦੇ ਖਾਤੇ ਵਿਚ ਜਮ੍ਹਾ ਕਰਵਾਉਣ ਲਈ ਕਹਿੰਦੇ ਹਨ। ਸਾਈਬਰ ਠੱਗ ਲੋਕਾਂ ਨੂੰ ਧਮਕਾਉਣ ਲਈ ਕਦੇ ਫੋਨ ਕਰ ਕੇ ਇਹ ਕਹਿੰਦੇ ਹਨ ਕਿ ਉਨ੍ਹਾਂ ਦੇ ਨਾਂ ਆਏ ਜਾਂ ਉਨ੍ਹਾਂ ਦੇ ਨਾਂ ਭੇਜੇ ਗਏ ਪਾਰਸਲ ਵਿਚ ਡਰੱਗਜ਼ ਮਿਲੀ ਹੈ।

ਕਦੇ ਇਹ ਕਹਿੰਦੇ ਹਨ ਕਿ ਉਨ੍ਹਾਂ ਦੇ ਖਾਤੇ ਤੋਂ ਗ਼ੈਰ-ਕਾਨੂੰਨੀ ਲੈਣ-ਦੇਣ ਹੋ ਰਿਹਾ ਹੈ ਅਤੇ ਕਦੇ ਇਹ ਕਿ ਤੁਹਾਡੇ ਧੀ-ਪੁੱਤਰ ਨੂੰ ਫਲਾਣੇ-ਢਿਮਕਾਣੇ ਅਪਰਾਧ ਵਿਚ ਹਿਰਾਸਤ ਵਿਚ ਲਿਆ ਗਿਆ ਹੈ। ਅਨੇਕ ਮਾਮਲਿਆਂ ਵਿਚ ਉਹ ਵ੍ਹਟਸਐਪ ਜ਼ਰੀਏ ਵੀਡੀਓ ਕਾਲ ਕਰਦੇ ਹਨ। ਉਹ ਲੋਕਾਂ ਨੂੰ ਡਿਜੀਟਲੀ ਅਰੈਸਟ ਕਰ ਲਏ ਜਾਣ ਦਾ ਡਰ ਦਿਖਾਉਂਦੇ ਹਨ। ਉਹ ਮੈਸੇਜ ਜ਼ਰੀਏ ਕੋਈ ਲਿੰਕ ਭੇਜ ਕੇ ਉਸ ਨੂੰ ਕਲਿੱਕ ਕਰਨ ਨੂੰ ਵੀ ਕਹਿੰਦੇ ਹਨ ਤਾਂ ਕਿ ਲਿੰਕ 'ਤੇ ਕਲਿੱਕ ਕਰਨ ਵਾਲੇ ਦਾ ਮੋਬਾਈਲ ਫੋਨ ਹੈਕ ਕਰ ਸਕਣ। ਸਾਈਬਰ ਠੱਗੀ ਤੋਂ ਬਚਣ ਲਈ ਲੋਕਾਂ ਨੂੰ ਸਿਰਫ਼ ਲਾਲਚ ਵਿਚ ਆਉਣ ਤੋਂ ਹੀ ਨਹੀਂ ਬਚਣਾ ਹੋਵੇਗਾ ਬਲਕਿ ਸੀਬੀਆਈ, ਈਡੀ, ਕਸਟਮ, ਨਾਰਕੋਟਿਕਸ, ਜੀਐੱਸਟੀ ਆਦਿ ਵਿਭਾਗਾਂ ਦੇ ਫਰਜ਼ੀ ਅਧਿਕਾਰੀ ਬਣ ਕੇ ਫੋਨ ਕਰਨ ਵਾਲਿਆਂ ਤੋਂ ਵੀ ਸਾਵਧਾਨ ਰਹਿਣਾ ਹੋਵੇਗਾ। ਲੋਕ ਇਨ੍ਹਾਂ ਅਧਿਕਾਰੀਆਂ ਦੀ ਆੜ ਵਿਚ ਸਾਈਬਰ ਠੱਗਾਂ ਦੇ ਫੋਨ ਤੋਂ ਖ਼ੌਫ਼ਜ਼ਦਾ ਹੋ ਜਾਂਦੇ ਹਨ ਤਾਂ ਇਸ ਲਈ ਵੀ ਕਿ ਇਨ੍ਹਾਂ ਮਹਿਕਮਿਆਂ ਦਾ ਅਕਸ ਚੰਗਾ ਨਹੀਂ ਹੈ।

ਆਮ ਧਾਰਨਾ ਹੈ ਕਿ ਇਨ੍ਹਾਂ ਵਿਭਾਗਾਂ ਦੀ ਕਿਸੇ ਕਾਰਵਾਈ ਦੇ ਦਾਇਰੇ ਵਿਚ ਆਉਣ ਦਾ ਮਤਲਬ ਹੈ ਉਸ ਤੋਂ ਬਾਹਰ ਨਿਕਲਣਾ ਮੁਸ਼ਕਲ ਹੋ ਜਾਣਾ ਅਤੇ ਸਾਲਾਂਬੱਧੀ ਅਦਾਲਤਾਂ ਦੇ ਚੱਕਰ ਕੱਟਦੇ ਰਹਿਣਾ। ਲੋਕ ਉਨ੍ਹਾਂ ਖ਼ਬਰਾਂ ਤੋਂ ਵੀ ਜਾਣੂ ਹੀ ਹਨ ਕਿ ਸੀਬੀਆਈ, ਈਡੀ ਆਦਿ ਦੀ ਕਾਰਵਾਈ ਦੇ ਦਾਇਰੇ ਵਿਚ ਆਉਣ ਵਾਲੇ ਕਿਸ ਤਰ੍ਹਾਂ ਲੰਬੇ ਸਮੇਂ ਤੱਕ ਜੇਲ੍ਹ ਵਿਚ ਸੜਦੇ ਰਹਿੰਦੇ ਹਨ ਅਤੇ ਉਨ੍ਹਾਂ ਨੂੰ ਅਦਾਲਤਾਂ ਤੋਂ ਵੀ ਰਾਹਤ ਨਹੀਂ ਮਿਲ ਪਾਉਂਦੀ।

ਸਾਫ਼ ਹੈ ਕਿ ਲੋਕਾਂ ਨੂੰ ਇਹ ਭਰੋਸਾ ਨਹੀਂ ਕਿ ਜੇ ਉਹ ਕਿਸੇ ਮਾਮਲੇ ਵਿਚ ਗ਼ਲਤ ਫਸਾ ਦਿੱਤੇ ਗਏ ਤਾਂ ਅਦਾਲਤਾਂ ਵੀ ਉਨ੍ਹਾਂ ਨੂੰ ਰਾਹਤ ਨਹੀਂ ਦੇ ਸਕਣਗੀਆਂ। ਇਸੇ ਕਾਰਨ ਉਹ ਠੱਗਾਂ ਦੇ ਜਾਲ਼ ਵਿਚ ਫਸ ਕੇ ਆਪਣਾ ਵੱਡਾ ਵਿੱਤੀ ਨੁਕਸਾਨ ਕਰਵਾ ਬੈਠਦੇ ਹਨ। ਸਰਕਾਰ ਨੂੰ ਇਹ ਸਮਝਣਾ ਹੋਵੇਗਾ ਕਿ ਉਸ ਨੂੰ ਆਪਣੀਆਂ ਏਜੰਸੀਆਂ ਦੇ ਅਕਸ ਵਿਚ ਸੁਧਾਰ ਕਰਨ ਲਈ ਸਰਗਰਮ ਹੋਣਾ ਚਾਹੀਦਾ ਹੈ ਅਤੇ ਜਨਤਾ ਵਿਚ ਇਹ ਭਰੋਸਾ ਪੈਦਾ ਕਰਨਾ ਚਾਹੀਦਾ ਹੈ ਕਿ ਕੋਈ ਵੀ ਸਰਕਾਰੀ ਏਜੰਸੀ ਕਿਸੇ ਨੂੰ ਗ਼ੈਰ-ਜ਼ਰੂਰੀ ਤਰੀਕੇ ਨਾਲ ਪਰੇਸ਼ਾਨ ਨਹੀਂ ਕਰ ਸਕਦੀ। ਉਸ ਨੂੰ ਟੈਕਸ ਵਸੂਲੀ ਅਤੇ ਉਸ ਦੇ ਨਿਰਧਾਰਨ ਦੀ ਪ੍ਰਕਿਰਿਆ ਵੀ ਪਾਰਦਰਸ਼ੀ ਬਣਾਉਣੀ ਹੋਵੇਗੀ।

ਹਾਲੇ ਟੈਕਸ ਵਸੂਲ ਕਰਨ ਵਾਲੀਆਂ ਏਜੰਸੀਆਂ ਬਾਰੇ ਇਹ ਧਾਰਨਾ ਹੈ ਕਿ ਉਹ ਕਿਸੇ ਨੂੰ ਵੀ ਮਨਮਾਨੇ ਤਰੀਕੇ ਨਾਲ ਆਪਣੇ ਚੁੰਗਲ ਵਿਚ ਫਸਾ ਸਕਦੀਆਂ ਹਨ ਅਤੇ ਫਿਰ ਲੰਬੇ ਸਮੇਂ ਤੱਕ ਪਰੇਸ਼ਾਨ ਕਰਦੀਆਂ ਰਹਿ ਸਕਦੀਆਂ ਹਨ। ਸਾਈਬਰ ਠੱਗ ਸਰਕਾਰੀ ਏਜੰਸੀਆਂ ਦੇ ਇਸ ਅਕਸ ਦਾ ਵੀ ਲਾਹਾ ਚੁੱਕ ਰਹੇ ਹਨ।

ਸਰਕਾਰਾਂ ਲਈ ਇਹ ਜ਼ਰੂਰੀ ਹੈ ਕਿ ਉਹ ਲੋਕਾਂ ਨੂੰ ਜਾਗਰੂਕ ਕਰਨ ਦੇ ਨਾਲ-ਨਾਲ ਪੁਲਿਸ ਅਤੇ ਉਨ੍ਹਾਂ ਏਜੰਸੀਆਂ ਨੂੰ ਸਮਰੱਥ ਵੀ ਬਣਾਏ ਜਿਨ੍ਹਾਂ ਦੇ ਮੋਢਿਆਂ 'ਤੇ ਸਾਈਬਰ ਠੱਗੀ ਨਾਲ ਸਿੱਝਣ ਦੀ ਜ਼ਿੰਮੇਵਾਰੀ ਹੈ। ਇਸ ਵਾਸਤੇ ਬਹੁਤ ਕੁਝ ਕਰਨਾ ਪਵੇਗਾ। ਸਰਕਾਰ ਦੀ ਇੱਛਾ-ਸ਼ਕਤੀ ਹੋਵੇ ਤਾਂ ਉਹ ਅਸੰਭਵ ਨੂੰ ਸੰਭਵ ਕਰਨ ਦੇ ਸਮਰੱਥ ਹੈ। ਉਹ ਤੇਜ਼ੀ ਨਾਲ ਆਪਣੀਆਂ ਏਜੰਸੀਆਂ ਦਾ ਕਾਇਆਕਲਪ ਕਰ ਸਕਦੀ ਹੈ। ਉਨ੍ਹਾਂ ਨੂੰ ਫੰਡ ਮੁਹੱਈਆ ਕਰਵਾ ਕੇ ਸਮੇਂ ਦੇ ਹਾਣ ਦੀਆਂ ਬਣਾ ਸਕਦੀ ਹੈ। ਹਾਲੇ ਤਾਂ ਇਹ ਏਜੰਸੀਆਂ ਸਾਈਬਰ ਠੱਗਾਂ ਦੇ ਸਾਹਮਣੇ ਬੇਅਸਰ ਜਿਹੀਆਂ ਹੀ ਦਿਸ ਰਹੀਆਂ ਹਨ। ਸਾਡੀ ਪੁਲਿਸ ਸਾਈਬਰ ਠੱਗਾਂ ਤੱਕ ਮੁਸ਼ਕਲ ਨਾਲ ਪੁੱਜ ਪਾਉਂਦੀ ਹੈ ਜੋ ਅੱਜ ਦੇ ਆਧੁਨਿਕ ਦੌਰ ਵਿਚ ਬਹੁਤ ਸ਼ਰਮਨਾਕ ਗੱਲ ਹੈ।